R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਐਤਵਾਰ 24 ਨਵੰਬਰ - 2024 ਸ੍ਰੀ ਮੁਕਤਸਰ ਸਾਹਿਬ
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 8

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ ਸ੍ਰੀ ਮੁਕਤਸਰ ਸਾਹਿਬ
Weekly PUNJAB DA KHULASA
www.punjabdakhulasa.com www. facbook.com/punjabdakhulasa E.mail.punjabdakhulasa1313@gmail.com

ਪੱਤਰਕਾਰਾਂ ਦੀ ਲੋੜ
40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖ਼ਬਾਰ
ਪੰਜਾਬ ਦਾ ਖੁਲਾਸਾ
ਨੂੰ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਜ਼ਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ
ਸੰਪਰਕ
62803-56564

ਸੰਪਾਦਕ : ਅਸ਼ੋਕ ਭਾਰਦਵਾਜ
ਸਹਿ ਸੰਪਾਦਕ ਰਣਜੀਤ ਸਿੰਘ ਚੰਦੀ

## ਪੀਐੱਮ ਦੀ ਸੁਰੱਖਿਆ 'ਚ ਚੂਕ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਨਕਾਰੀ ਪੰਜਾਬ ਦੀ ਮੰਗ

ਪੰਜਾਬ ਦਾ ਖੁਲਾਸਾ



**ਨਵੀਂ ਦਿੱਲੀ (ਏਜੰਸੀ) :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਪੰਜਾਬ ਸਰਕਾਰ ਦੀ ਉਹ ਪਟੀਸ਼ਨ ਖ਼ਾਰਜ ਕਰ ਦਿੱਤੀ ਜਿਸ 'ਚ ਉਸ ਨੇ ਸੁਪਰੀਮ ਕੋਰਟ ਦੀ ਸਾਬਕਾ ਜੱਜ ਇੰਦੂ ਮਲਹੋਤਰਾ ਦੀ ਪ੍ਰਧਾਨਗੀ 'ਚ ਗਠਿਤ ਕਮੇਟੀ ਦੇ ਸਾਹਮਣੇ ਪੇਸ਼ ਗਵਾਹਾਂ ਦੇ ਬਿਆਨਾਂ ਦੀ ਮੰਗ ਕੀਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜ ਜਨਵਰੀ, 2022 ਨੂੰ ਪੰਜਾਬ ਦੌਰੇ ਦੌਰਾਨ ਹੋਈ ਸੁਰੱਖਿਆ ਚੂਕ ਦੀ ਜਾਂਚ ਲਈ ਸੁਪਰੀਮ ਕੋਰਟ ਨੇ 12 ਜਨਵਰੀ, 2022 ਨੂੰ ਇਸ ਕਮੇਟੀ ਦਾ ਗਠਨ ਕੀਤਾ ਸੀ।

ਜਸਟਿਸ ਸੂਰੀਆਕਾਂਤ ਤੇ ਜਸਟਿਸ ਉੱਜਲ ਭੁਈਆਂ ਦੇ ਬੈਂਚ ਨੇ ਸੂਬਾ ਸਰਕਾਰ ਨੂੰ ਕਿਹਾ ਕਿ ਉਹ ਬਿਆਨਾਂ ਦੀ ਮਦਦ ਦੇ ਬਗ਼ੈਰ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸੁਤੰਤਰ ਜਾਂਚ ਕਰੇ। ਬੈਂਚ ਨੇ ਕਿਹਾ, ਕਮੇਟੀ ਦੀ ਰਿਪੋਰਟ ਮਿਲਣ ਤੋਂ ਬਾਅਦ 25 ਅਗਸਤ, 2022 ਨੂੰ ਮਾਮਲੇ 'ਤੇ ਵਿਚਾਰ ਕੀਤਾ ਗਿਆ ਸੀ।

ਰਿਪੋਰਟ ਦੀ ਕਾਪੀ ਕੇਂਦਰ ਤੇ ਸੂਬਾ ਸਰਕਾਰ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ ਰਿਪੋਰਟ ਇਸ ਅਦਾਲਤ ਦੇ ਸੈਕਟਰੀ ਜਨਰਲ ਕੋਲ ਸੀਲ ਬੰਦ ਲਿਫ਼ਾਫੇ 'ਚ ਸੁਰੱਖਿਆ ਰੱਖੀ ਜਾਵੇਗੀ।

ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਬੇਨਤੀ ਮੰਨਣ ਦਾ ਉਸ ਕੋਲ ਆਧਾਰ ਨਹੀਂ ਹੈ। ਜਸਟਿਸ ਮਲਹੋਤਰਾ ਕਮੇਟੀ ਨੇ ਆਪਣੀ ਰਿਪੋਰਟ 'ਚ ਦੇਖਿਆ ਸੀ ਕਿ ਫ਼ਿਰੋਜ਼ਪੁਰ ਦੇ ਤੱਤਕਾਲੀ ਐੱਸਐੱਸਪੀ ਅਵਨੀਤ ਹੰਸ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਨਾਕਾਮਯਾਬ ਰਹੇ ਸਨ, ਜਦਕਿ ਉਨ੍ਹਾਂ ਕੋਲ ਪੁਲਿਸ ਬਲ ਮੌਜੂਦ ਸੀ।

## ਪ੍ਰਿਯੰਕਾ ਗਾਂਧੀ ਵਾਇਨਾਡ ਤੋਂ 4.1 ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜੇਤੂ

ਪੰਜਾਬ ਦਾ ਖੁਲਾਸਾ

**ਵਾਇਨਾਡ (ਕੇਰਲ), 23 ਨਵੰਬਰ-** ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਪਹਿਲੀ ਵਾਰ ਚੋਣ ਲੜਦਿਆਂ ਸ਼ਨਿੱਚਰਵਾਰ ਨੂੰ ਕੇਰਲ ਦੇ ਵਾਇਨਾਡ ਲੋਕ ਸਭਾ ਹਲਕੇ ਤੋਂ 4.10 ਲੱਖ ਵੋਟਾਂ ਦੇ ਫ਼ਰਕ ਨਾਲ ਜ਼ੋਰਦਾਰ ਜਿੱਤ ਦਰਜ ਕੀਤੀ ਹੈ। ਉਨ੍ਹਾਂ ਨੇ ਸੀਪੀਆਈ(ਐਮ) ਦੀ ਅਗਵਾਈ ਵਾਲੀ ਖੱਬੇਪੱਖੀ ਗੱਠਜੋੜ LDF ਦੇ ਸਤਿਆਨ ਮੋਕੇਰੀ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ।

ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪ੍ਰਿਯੰਕਾ ਨੂੰ 6,22,338 ਵੋਟਾਂ ਮਿਲੀਆਂ ਜੋ ਇਸੇ ਸਾਲ ਅਪਰੈਲ ਮਹੀਨੇ ਵਾਇਨਾਡ ਵਿੱਚ ਉਸ ਦੇ ਭਰਾ ਰਾਹੁਲ ਗਾਂਧੀ ਨੂੰ ਲੋਕ ਸਭਾ ਚੋਣਾਂ ਵਿੱਚ ਮਿਲੀਆਂ 6,47,445 ਵੋਟਾਂ ਤੋਂ ਘੱਟ ਹਨ, ਪਰ ਉਨ੍ਹਾਂ ਦੀ ਜਿੱਤ ਦਾ ਫ਼ਰਕ 4,10,931 ਆਪਣੇ ਭਰਾ ਦੀ 3,64,422 ਵੋਟਾਂ ਦੀ ਲੀਡ ਨਾਲੋਂ ਵੱਧ ਰਿਹਾ। ਗ਼ੌਰਤਲਬ ਹੈ ਕਿ ਵਾਇਨਾਡ ਉਪ ਚੋਣ ਦੌਰਾਨ ਪੋਲਿੰਗ ਅਪਰੈਲ ਵਿਚ ਆਮ ਚੋਣਾਂ ਦੇ ਮੁਕਾਬਲੇ ਘੱਟ ਰਹੀ।

ਇਸ 14 ਲੱਖ ਤੋਂ ਵੱਧ ਰਜਿਸਟਰਡ ਵੋਟਰਾਂ ਵਾਲੇ ਵਾਇਨਾਡ ਹਲਕੇ ਵਿਚ ਲੋਕ ਸਭਾ ਚੋਣਾਂ ਵਿੱਚ ਮਤਦਾਨ 74 ਫ਼ੀਸਦ ਦੇ ਨੇੜੇ ਸੀ, ਪਰ ਨਵੰਬਰ ਵਿੱਚ ਜ਼ਿਮਨੀ ਚੋਣ ਦੌਰਾਨ ਪੋਲਿੰਗ ਘਟ ਕੇ 65 ਫ਼ੀਸਦ ਰਹਿ ਗਿਆ ਸੀ। ਵਾਇਨਾਡ ਵਿੱਚ 2024 ਦੀਆਂ ਆਮ ਚੋਣਾਂ ਵਿੱਚ ਸੀਪੀਆਈ ਦੀ ਐਨੀ ਰਾਜਾ 2,83,023 ਵੋਟਾਂ ਨਾਲ ਦੂਜੇ ਸਥਾਨ 'ਤੇ ਰਹੀ ਸੀ, ਜਦੋਂ ਕਿ ਭਾਜਪਾ ਦੇ ਕੇ. ਸੁਰੇਂਦਰਨ 1,41,045 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ ਸਨ। ਪਰ ਇਸ ਵਾਰ ਇਹ ਦੋਵੇਂ ਗੱਠਜੋੜ ਐੱਲਡੀਐਫ ਅਤੇ ਭਾਜਪਾ ਦਾ ਐਨਡੀਏ ਆਪਣਾ ਪਿਛਲਾ ਪ੍ਰਦਰਸ਼ਨ ਨੂੰ ਦੁਹਰਾਉਣ ਵਿੱਚ ਅਸਮਰੱਥ ਰਹੇ। ਖੱਬੇ ਮੋਰਚੇ ਦੇ ਮੋਕੇਰੀ ਨੂੰ 2,11,407 ਵੋਟਾਂ ਮਿਲੀਆਂ ਜਦੋਂਕਿ ਭਾਜਪਾ ਦੀ ਅਗਵਾਈ ਵਾਲੇ ਐਨਡੀਏ ਦੀ ਨਵਿਆ ਹਰੀਦਾਸ 1,09,939 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੀ।



ਨਤੀਜੇ ਦੇ ਐਲਾਨ ਤੋਂ ਥੋੜ੍ਹਾ ਚਿਰ ਪਹਿਲਾਂ ਪ੍ਰਿਯੰਕਾ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (✓) 'ਤੇ ਇੱਕ ਪੋਸਟ ਰਾਹੀਂ ਵਾਇਨਾਡ ਦੇ ਲੋਕਾਂ ਦਾ ਉਨ੍ਹਾਂ ਨੂੰ ਸੰਸਦ ਵਿੱਚ ਆਪਣਾ ਪ੍ਰਤੀਨਿਧੀ ਚੁਣਨ ਲਈ ਧੰਨਵਾਦ ਕੀਤਾ। ਉਨ੍ਹਾਂ ਲਿਖਿਆ: ਵਾਇਨਾਡ ਦੇ ਮੇਰੇ ਪਿਆਰੇ ਭੈਣੋ ਅਤੇ ਭਰਾਵੋ, ਤੁਸੀਂ ਮੇਰੇ 'ਤੇ ਜੋ ਭਰੋਸਾ ਕੀਤਾ ਹੈ, ਉਸ ਲਈ ਮੈਂ ਤੁਹਾਡੀ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਯਕੀਨੀ ਬਣਾਵਾਂਗੀ ਕਿ ਸਮੇਂ ਦੇ ਨਾਲ, ਤੁਸੀਂ ਸੱਚਮੁੱਚ ਇਹ ਮਹਿਸੂਸ ਕਰੋਂਗੇ ਕਿ ਇਹ ਜਿੱਤ ਤੁਹਾਡੀ ਜਿੱਤ ਹੈ ਅਤੇ ਜਿਸ ਨੂੰ ਤੁਸੀਂ ਨੁਮਾਇੰਦਗੀ ਕਰਨ ਲਈ ਚੁਣਿਆ ਹੈ, ਉਹ ਤੁਹਾਨੂੰ ਸਮਝਦੀ ਹੈ। ਮੈਂ ਸੰਸਦ ਵਿੱਚ ਤੁਹਾਡੀ ਆਵਾਜ਼ ਬਣਨ ਲਈ ਉਤਸੁਕ ਹਾਂ।" ਉਨ੍ਹਾਂ ਨਾਲ ਹੀ ਕਿਹਾ, ਮੈਨੂੰ ਇਹ ਸਨਮਾਨ ਦੇਣ ਲਈ ਅਤੇ ਤੁਹਾਡੇ ਦੁਆਰਾ ਦਿੱਤੇ ਗਏ ਅਥਾਹ ਪਿਆਰ ਲਈ ਤੁਹਾਡਾ ਧੰਨਵਾਦ!"

ਆਪਣੀ ਪੋਸਟ ਵਿੱਚ ਪ੍ਰਿਯੰਕਾ ਨੇ ਕੇਰਲ ਵਿਚ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ "46 ਵਿਚਲੇ ਆਪਣੇ ਸਹਿਯੋਗੀਆਂ, ਕੇਰਲ ਭਰ ਦੇ ਆਗੂਆਂ, ਵਰਕਰਾਂ, ਵਲੰਟੀਅਰਾਂ ਅਤੇ ਹਰ ਕਿਸੇ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਦੀ ਚੋਣ ਮੁਹਿੰਮ ਵਿੱਚ ਸਾਥ ਦਿੱਤਾ। ਨਾਲ ਹੀ ਆਪਣੇ ਪਰਿਵਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, ਮੇਰੀ ਮਾਂ, ਰੌਬਰਟ ਅਤੇ ਮੇਰੇ ਦੋ ਗਹਿਣਿਆਂ- ਰੇਹਾਨ ਅਤੇ ਮਿਰਯਾ ਦਾ, ਤੁਸੀਂ ਮੈਨੂੰ ਜਿਹੜਾ ਪਿਆਰ ਅਤੇ ਹਿੰਮਤ ਦਿੱਤਾ, ਉਸ ਦਾ ਧੰਨਵਾਦ ਕਰਨ ਲਈ ਕੋਰੇ ਕੋਲ ਸ਼ਬਦ ਨਹੀਂ ਹਨ। ਅਤੇ ਮੇਰੇ ਭਰਾ ਰਾਹੁਲ ਲਈ, ਤੁਸੀਂ ਸਾਰਿਆਂ ਤੋਂ ਵੱਧ ਬਹਾਦਰ ਹੋ ਮੈਨੂੰ ਰਾਹ ਦਿਖਾਉਣ ਲਈ ਅਤੇ ਮੇਰੇ ਨਾਲ ਡਟ ਕੇ ਖੜ੍ਹਨ ਲਈ ਤੁਹਾਡਾ ਧੰਨਵਾਦ।

## ਪਰਥ ਟੈਸਟ: ਦੂਜੇ ਦਿਨ ਭਾਰਤ ਨੂੰ 218 ਦੌੜਾਂ ਦੀ ਲੀਡ ਮਿਲੀ

ਪੰਜਾਬ ਦਾ ਖੁਲਾਸਾ



**ਪਰਥ, 23 ਨਵੰਬਰ-** ਆਸਟਰੇਲੀਆ ਖ਼ਿਲਾਫ਼ ਬਾਰਡਰ ਗਵਾਸਕਰ ਟਰਾਫੀ ਦੇ ਪਰਥ ਟੈਸਟ ਦੇ ਦੂਜੇ ਦਿਨ ਦੀ ਖੇਡ ਸਮਾਪਤ ਹੋਣ ਤਕ ਭਾਰਤ ਨੂੰ 218 ਦੌੜਾਂ ਦੀ ਲੀਡ ਮਿਲ ਗਈ ਹੈ। ਇਸ ਤੋਂ ਪਹਿਲਾਂ ਆਸਟਰੇਲਿਆਈ ਟੀਮ 104 ਦੌੜਾਂ ਬਣਾ ਕੇ ਆਲ ਆਊਟ ਹੋ ਗਈ ਜਦਕਿ ਭਾਰਤ ਨੇ ਪਹਿਲੀ ਪਾਰੀ ਵਿਚ 150 ਦੌੜਾਂ ਬਣਾਈਆਂ ਸਨ।

ਭਾਰਤੀ ਟੀਮ ਨੇ ਅੱਜ ਬਿਨਾਂ ਕੋਈ ਵਿਕਟ ਗੁਆਏ 172 ਦੌੜਾਂ ਬਣਾਈਆਂ ਸਨ ਤੇ ਇਸ ਦੇ ਖਿਡਾਰੀਆਂ ਯਸ਼ੱਸਵੀ ਜੈਸਵਾਲ 90 ਤੇ ਕੇ ਐਲ ਰਾਹੁਲ ਨੇ 62 ਦੌੜਾਂ ਬਣਾਈਆਂ ਤੇ ਉਹ ਕਰੀਜ਼ 'ਤੇ ਡਟੇ ਹੋਏ ਸਨ। ਇਸ ਤੋਂ ਪਹਿਲਾਂ ਆਸਟਰੇਲਿਆਈ ਟੀਮ ਨੇ ਸੱਤ ਵਿਕਟਾਂ ਦੇ ਨੁਕਸਾਨ 'ਤੇ 67 ਦੌੜਾਂ ਤੋਂ ਅੱਗੇ ਖੇਡਣਾ ਸ਼ੁਰੂ ਕੀਤਾ ਤੇ ਟੀਮ ਨੇ ਆਖਰੀ ਤਿੰਨ ਵਿਕਟਾਂ ਗੁਆ ਕੇ ਹੋਰ 37 ਦੌੜਾਂ ਬਣਾਈਆਂ।

ਆਸਟਰੇਲੀਆ ਨੇ ਪਹਿਲੀ ਵਾਰੀ ਵਿਚ 104 ਦੌੜਾਂ ਬਣਾਈਆਂ ਤੇ ਭਾਰਤ ਨੂੰ 46 ਦੌੜਾਂ ਦੀ ਲੀਡ ਮਿਲੀ।

## ਯਾਤਰੀਆਂ ਨਾਲ ਭਰੀ ਟੂਰਿਸਟ ਬੱਸ ਦੀ ਟਰੱਕ ਨਾਲ ਹੋਈ ਜ਼ਬਰਦਸਤ ਟੱਕਰ, ਡਰਾਈਵਰ ਦੀ ਮੌਤ; ਪੈ ਗਿਆ ਚੀਕ ਚਿਹਾੜਾ

ਪੰਜਾਬ ਦਾ ਖੁਲਾਸਾ

**ਕਿਸ਼ਨਗੜ੍ਹ :** ਜਲੰਧਰ ਪਠਾਨਕੋਟ ਰਾਸ਼ਟਰੀ ਰਾਜ ਮਾਰਗ 'ਤੇ ਸਥਿਤ ਕਾਲ ਾ ਬੱਕਰਾ ਅੱਡਾ ਦੇ ਨਜ਼ਦੀਕ ਯਾਤਰੀਆਂ ਨਾਲ ਭਰੀ ਬੱਸ ਦੇ ਇਕ ਟਰੱਕ ਨਾਲ ਜ਼ਬਰਦਸਤ ਟੱਕਰ ਹੋਣ ਕਾਰਨ ਇਕ ਵਿਅਕਤੀ ਦੀ ਮੌਕੇ 'ਤੇ ਮੌਤ ਤੇ ਕਈ ਜ਼ਖ਼ਮੀ ਹੋ ਗਏ।

ਜਾਣਕਾਰੀ ਅਨੁਸਾਰ ਜਲੰਧਰ ਤੋਂ ਭੋਗਪੁਰ ਵਿਚਕਾਰ ਅੱਡਾ ਕਾਲਾ ਬੱਕਰਾ ਦੇ ਨਜ਼ਦੀਕ ਸੱਦਾ ਚੱਕ ਵਿਖੇ ਦਰਦਨਾਕ ਹਾਦਸਾ ਵਾਪਰਿਆ ਹੈ ਜੋ ਕਿ ਬੱਸ ਨੰਬਰ ਬੀਆਰ-28-ਪੀ-3350 ਜੋ ਕਿ ਦਿੱਲੀ ਤੋਂ ਜੰਮੂ ਨੂੰ ਜਾ ਰਹੀ ਸੀ ਤੇ ਅੱਡਾ ਕਾਲਾ ਬੱਕਰਾ ਨੇੜੇ ਸੱਦਾ ਚੱਕ ਕੋਲ ਇਕ ਟਰੱਕ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਜਿਸ ਵਿਚ ਇਕ ਦੀ ਮੌਤ ਹੋ ਗਈ ਹੈ ਜਦਕਿ ਬੱਸ 'ਚ ਕਈ ਸਵਾਰੀਆਂ ਜ਼ਖ਼ਮੀ ਹੋ ਗਈਆਂ। ਹਾਦਸਾ ਅੱਜ ਸਵੇਰੇ ਕਰੀਬ 5 ਤੋਂ 5:30 ਵਜੇ ਦੇ ਵਿਚਕਾਰ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ 'ਤੇ ਅੱਡਾ ਸੱਧਾ ਚੱਕ ਨੇੜੇ ਵਾਪਰਿਆ ਜਿਸ ਕਾਰਨ ਬੱਸ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ।

ਹਾਦਸੇ ਦੌਰਾਨ ਟੂਰਿਸਟ ਬੱਸ 'ਚ ਬੈਠੇ ਯਾਤਰੀਆਂ 'ਚ ਚੀਕ-ਚਿਹਾੜਾ ਮੱਚ ਗਿਆ। ਇਸ ਹਾਦਸੇ 'ਚ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਬੱਸ ਚ ਬੈਠੀਆਂ ਕਈ ਸਵਾਰੀਆਂ ਜ਼ਖਮੀ ਹੋ ਗਈਆਂ ਜਿਨ੍ਹਾਂ 'ਚੋਂ 2 ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

## ਪਿੰਡ ਦੂੱਨੇਵਾਲਾ 'ਚ ਦਿਨ ਭਰ ਰਿਹਾ ਤਣਾਅਪੂਰਨ ਮਾਹੌਲ, ਇਲਾਕਾ ਸੀਲ, ਕਿਸਾਨਾਂ ਨਾਲ ਪ੍ਰਸ਼ਾਸਨ ਦੀਆਂ ਮੀਟਿੰਗਾਂ ਦਾ ਦੌਰ ਜਾਰੀ

ਪੰਜਾਬ ਦਾ ਖੁਲਾਸਾ



**ਬਠਿੰਡਾ :** ਭਾਰਤਮਾਲਾ ਰੋਡ ਪ੍ਰਾਜੈਕਟ ਤਹਿਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਜਾਮਨਗਰ ਤਕ ਬਣਨ ਵਾਲੀ ਸੜਕ ਲਈ ਪਿੰਡ ਦੂੱਨੇਵਾਲਾ ਵਿਚ ਪ੍ਰਸ਼ਾਸਨ ਵੱਲੋਂ ਅਕੁਵਾਇਰ ਕੀਤੀ ਜ਼ਮੀਨ ਨੂੰ ਲੈ ਕੇ ਪੁਲਿਸ ਅਤੇ ਕਿਸਾਨਾਂ ਦਰਮਿਆਨ ਹੋਈ ਝੜਪ ਤੋਂ ਬਾਅਦ ਸ਼ਨੀਵਾਰ ਦਿਨ ਭਰ ਪਿੰਡ ਵਿਚ ਤਣਾਅਪੂਰਨ ਸਥਿਤੀ ਬਣੀ ਰਹੀ। ਇਕ ਪਾਸੇ ਪੁਲਿਸ ਵੱਲੋਂ ਪਿੰਡ ਨੂੰ ਚਾਰੇ ਪਾਸਿਓ ਸੀਲ ਕੀਤਾ ਹੋਇਆ ਹੈ, ਉਥੇ ਹੀ ਦੂਜੇ ਪਾਸੇ ਕਿਸਾਨਾਂ ਵੱਲੋਂ ਪਿੰਡ ਵਿਚ ਧਰਨਾ ਦਿੱਤਾ ਜਾ ਰਿਹਾ ਹੈ। ਇਸ ਮਾਹੌਲ ਵਿਚ ਕਿਸਾਨਾਂ ਨਾਲ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀਆਂ ਮੀਟਿੰਗਾਂ ਦਿਨ ਭਰ ਚੱਲਦੀਆਂ ਰਹੀਆਂ।

ਉਂਝ ਪੁਲਿਸ ਅਤੇ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਸਵੇਰੇ ਤੋਂ ਹੀ ਪਿੰਡ ਵਿਚ ਡੇਰੇ ਲਾਏ ਹੋਏ ਸਨ। ਸ਼ੁੱਕਰਵਾਰ ਨੂੰ ਪਿੰਡ 'ਚ ਪੁਲਿਸ ਅਤੇ ਕਿਸਾਨਾਂ ਵਿਚਾਲੇ ਹੋਈ ਝੜਪ ਤੋਂ ਬਾਅਦ ਕਿਸਾਨਾਂ ਨੇ ਦੇਰ ਸ਼ਾਮ ਪਿੰਡ 'ਚ ਧਰਨਾ ਲਗਾ ਦਿੱਤਾ ਸੀ। ਇਸ ਝੜਪ ਵਿਚ ਜ਼ਖ਼ਮੀ ਹੋਏ ਪੁਲਿਸ ਮੁਲਾਜ਼ਮਾਂ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਇਸ ਤੋਂ ਬਾਅਦ ਜਦੋਂ ਕਿਸਾਨਾਂ ਨੇ ਇਕੱਠੇ ਹੋਣ ਦਾ ਐਲਾਨ ਕੀਤਾ ਤਾਂ ਬਠਿੰਡਾ ਤੋਂ ਇਲਾਵਾ ਹੋਰਨਾਂ ਜ਼ਿਲ੍ਹਿਆਂ ਦੀ ਪੁਲਿਸ ਨੂੰ ਵੀ ਪਿੰਡ ਦੂੱਨੇਵਾਲਾ ਵਿਚ ਤੈਨਾਤ ਕੀਤਾ ਗਿਆ ਹੈ।

ਕਿਸਾਨਾਂ ਦੇ ਪਿੰਡ ਦੂੱਨੇਵਾਲਾ ਵੱਲ ਮਾਰਚ ਕਰਨ ਦੀ ਸੰਭਾਵਨਾ ਤੋਂ ਬਾਅਦ ਸ਼ਨੀਵਾਰ ਸਵੇਰ ਤੋਂ ਹੀ ਪਿੰਡ ਦੇ ਚਾਰੇ ਪਾਸੇ ਨਾਕਾਬੰਦੀ ਕਰ ਦਿੱਤੀ ਗਈ ਸੀ। ਪਿੰਡ 'ਚ ਆਉਣ-ਜਾਣ ਵਾਲੇ ਲੋਕਾਂ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ। ਸਾਰੀ ਸਥਿਤੀ ਉੱਪਰ ਨਜ਼ਰ ਰੱਖਣ ਲਈ ਡਰੋਨ ਕੈਮਰੇ ਵੀ ਲਗਾਏ ਗਏ ਸਨ।

ਇਸ ਦੌਰਾਨ ਅਧਿਕਾਰੀਆਂ ਅਤੇ ਕਿਸਾਨਾਂ ਦਰਮਿਆਨ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਅੱਜ ਸਵੇਰੇ ਹੋਈ ਪਲੇਠੀ ਮੀਟਿੰਗ ਵਿਚ ਕਿਸਾਨਾਂ ਨੇ ਮੰਗ ਕੀਤੀ ਕਿ ਉਨ੍ਹਾਂ ਦੇ ਗ੍ਰਿਫ਼ਤਾਰ ਕੀਤੇ ਸਾਥੀਆਂ ਨੂੰ ਰਿਹਾਅ ਕਰਨ ਤੋਂ ਇਲਾਵਾ ਪੁਲਿਸ ਵੱਲੋਂ ਖੋਹੇ ਗਏ ਮੋਬਾਈਲ ਫੋਨ ਅਤੇ ਵਾਹਨ ਵੀ ਵਾਪਸ ਕੀਤੇ ਜਾ। ਅਧਿਕਾਰੀਆਂ ਨੇ ਇਸ 'ਤੇ ਹਾਮੀ ਭਰਦਿਆਂ ਕਿਹਾ ਕਿ ਦੋ ਘੰਟਿਆਂ ਵਿਚ ਹਿਰਾਸਤ ਵਿਚ ਲਏ ਸਾਰੇ ਕਿਸਾਨਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ।

ਇਸ ਦੌਰਾਨ ਕਿਸਾਨਾਂ ਨੇ ਇਹ ਵੀ ਐਲਾਨ ਕੀਤਾ ਕਿ ਜਿਹੜੇ ਕਿਸਾਨ ਵੱਖ-ਵੱਖ ਜ਼ਿਲ੍ਹਿਆਂ ਤੋਂ ਪਿੰਡ ਦੂੱਨੇਵਾਲਾ ਆ ਰਹੇ ਹਨ, ਉਹ ਉਦੋਂ ਤਕ ਉਥੇ ਹੀ ਰੁਕ ਜਾਣ ਜਦੋਂ ਤਕ ਸੂਬਾ ਕਮੇਟੀ ਕੋਈ ਅਗਲਾ ਐਲਾਨ ਨਹੀਂ ਕਰਦੀ। ਇਸ ਕਾਰਨ ਬਾਅਦ ਦੁਪਹਿਰ ਕਿਸਾਨਾਂ ਨਾਲ ਪ੍ਰਸ਼ਾਸ਼ਨ ਦੀ ਦੂਜੀ ਮੀਟਿੰਗ ਸ਼ੁਰੂ ਹੋ ਗਈ। ਪਿੰਡ ਦੂੱਨੇਵਾਲਾ ਵਿਚ ਤਣਾਅਪੂਰਨ ਸਥਿਤੀ ਕਾਰਨ ਏਡੀਜੀਪੀ ਐਸਪੀਐਸ ਪਰਮਾਰ, ਡੀਆਈਜੀ ਹਰਚਰਨ ਸਿੰਘ ਭੁੱਲਰ, ਡੀਸੀ ਸ਼ੌਕਤ ਅਹਿਮਦ ਪਰੇ, ਐਸਐਸਪੀ ਅਮਨੀਤ ਕੌਂਡਲ, ਕਾਊਂਟਰ ਇੰਟੈਲੀਜੈਂਸ ਏਆਈਜੀ ਅਵਨੀਤ ਕੌਰ ਸਿੱਧੂ, ਏਡੀਸੀ ਪੂਨਮ ਸਿੰਘ, ਏਡੀਸੀ ਆਰਪੀ ਸਿੰਘ ਅਤੇ ਐਸਡੀਐਮ ਹਰਜਿੰਦਰ ਸਿੰਘ ਜੱਸਲ ਤੋਂ ਇਲਾਵਾ ਪੁਲੀਸ ਅਤੇ ਪਿੰਡ ਵਿੱਚ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਮੌਜੂਦ ਸਨ। ਬੀਕੇਯੂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਪ੍ਰਸ਼ਾਸ਼ਨ ਉਨ੍ਹਾਂ ਨਾਲ ਧੱਕਾ ਕਰ ਰਿਹਾ ਹੈ, ਜਿਸ ਦਾ ਕਿਸਾਨ ਵਿਰੋਧ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸ਼ਨ ਵੱਲੋਂ ਮਸਲੇ ਦੇ ਹੱਲ ਲਈ ਮੀਟਿੰਗ ਦਾ ਸੱਦਾ ਦਿੱਤਾ ਹੈ।

ਦੂਜੇ ਪਾਸੇ ਡੀਸੀ ਸ਼ੌਕਤ ਅਹਿਮਦ ਪਰੇ ਦਾ ਕਹਿਣਾ ਹੈ ਕਿ ਕਿਸਾਨਾਂ ਦਾ ਇਹ ਤਰੀਕਾ ਸਹੀ ਨਹੀਂ ਹੈ। ਜੇਕਰ ਉਸ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਦਾਲਤ ਵਿੱਚ ਕੇਸ ਦਾਇਰ ਕਰ ਸਕਦਾ ਹੈ।

## ਅਚਾਨਕ 4,048 ਰੁਪਏ ਮਹਿੰਗਾ ਹੋਇਆ ਸੋਨਾ ਤੇ ਚਾਂਦੀ ਵੀ ਚੜ੍ਹੀ

ਪੰਜਾਬ ਦਾ ਖੁਲਾਸਾ

ਨਵੀਂ ਦਿੱਲੀ - ਇਸ ਹਫਤੇ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਵਾਧਾ ਦਰਜ ਕੀਤਾ ਗਿਆ ਹੈ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ (ਆਈਬੀਜੇਏ) ਮੁਤਾਬਕ 16 ਨਵੰਬਰ ਨੂੰ ਸੋਨੇ ਦੀ ਕੀਮਤ 73,739 ਰੁਪਏ ਪ੍ਰਤੀ 10 ਗ੍ਰਾਮ ਸੀ, ਜੋ 23 ਨਵੰਬਰ ਨੂੰ ਵਧ ਕੇ 77,787 ਰੁਪਏ ਹੋ ਗਈ। ਇਸ ਹਫਤੇ ਸੋਨੇ ਦੀ ਕੀਮਤ 'ਚ ਕੁੱਲ 4,048 ਰੁਪਏ ਦਾ ਵਾਧਾ ਹੋਇਆ ਹੈ।

ਚਾਂਦੀ ਦੀਆਂ ਕੀਮਤਾਂ 'ਚ ਵੀ ਤੇਜ਼ੀ ਦੇਖਣ ਨੂੰ ਮਿਲੀ ਹੈ। 16 ਨਵੰਬਰ ਨੂੰ ਚਾਂਦੀ 87,103 ਰੁਪਏ ਪ੍ਰਤੀ ਕਿਲੋਗ੍ਰਾਮ ਸੀ, ਜੋ ਹੁਣ 90,850 ਰੁਪਏ 'ਤੇ ਪਹੁੰਚ ਗਈ ਹੈ। ਇਸ ਦੌਰਾਨ ਚਾਂਦੀ ਦੀ ਕੀਮਤ 'ਚ 3,747 ਰੁਪਏ ਦਾ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ 23 ਅਕਤੂਬਰ ਨੂੰ ਚਾਂਦੀ ਨੇ 99,151 ਰੁਪਏ ਦੇ ਆਪਣੇ ਉੱਚਤਮ ਪੱਧਰ ਨੂੰ ਛੂਹਿਆ ਸੀ ਅਤੇ 30 ਅਕਤੂਬਰ ਨੂੰ ਸੋਨਾ 79,681 ਰੁਪਏ ਦੇ ਉੱਚਤਮ ਪੱਧਰ ਨੂੰ ਛੂਹ ਗਿਆ ਸੀ।

ਦਿੱਲੀ: 10 ਗ੍ਰਾਮ 22 ਕੈਰੇਟ ਸੋਨੇ ਦੀ ਕੀਮਤ 73,150 ਰੁਪਏ ਅਤੇ 10 ਗ੍ਰਾਮ 24 ਕੈਰੇਟ ਸੋਨੇ ਦੀ ਕੀਮਤ 79,790 ਰੁਪਏ ਹੈ।

ਮੁੰਬਈ: 10 ਗ੍ਰਾਮ 22 ਕੈਰੇਟ ਸੋਨੇ ਦੀ ਕੀਮਤ 73,000 ਰੁਪਏ ਅਤੇ 10 ਗ੍ਰਾਮ 24 ਕੈਰੇਟ ਸੋਨੇ ਦੀ ਕੀਮਤ 79,640 ਰੁਪਏ ਹੈ।

ਕੋਲਕਾਤਾ: 22 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 73,000 ਰੁਪਏ ਅਤੇ 24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 79,640 ਰੁਪਏ ਹੈ।

ਚੇਨਈ: 10 ਗ੍ਰਾਮ 22 ਕੈਰੇਟ ਸੋਨੇ ਦੀ ਕੀਮਤ 73,000 ਰੁਪਏ ਅਤੇ 10 ਗ੍ਰਾਮ 24 ਕੈਰੇਟ ਸੋਨੇ ਦੀ ਕੀਮਤ 79,640 ਰੁਪਏ ਹੈ।

ਅਖਿਲ ਭਾਰਤੀ ਸਰਾਫਾ ਸੰਘ ਦੇ ਅਧਿਕਾਰੀਆਂ ਨੇ ਕਿਹਾ ਕਿ ਸੰਕਟ ਦੇ ਸਮੇਂ ਸੋਨੇ ਨੂੰ ਸੁਰੱਖਿਅਤ ਨਿਵੇਸ਼ ਮਾਧਿਅਮ ਮੰਨਿਆ ਜਾਂਦਾ ਹੈ। ਜਦੋਂ ਆਰਥਿਕਤਾ ਵਿੱਚ ਸੰਕਟ ਜਾਂ ਅਨਿਸ਼ਚਿਤਤਾ ਹੁੰਦੀ ਹੈ, ਤਾਂ ਭਾਰਤ ਅਤੇ ਵਿਦੇਸ਼ਾਂ ਦੇ ਨਿਵੇਸ਼ਕ ਸੋਨੇ ਵਿੱਚ ਆਪਣਾ ਨਿਵੇਸ਼ ਵਧਾਉਂਦੇ ਹਨ। ਅਜਿਹੇ 'ਚ ਇਸ ਦੀ ਕੀਮਤ ਵਧਣ ਲੱਗਦੀ ਹੈ ਅਤੇ ਇਸ ਦਾ ਅਸਰ ਚਾਂਦੀ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ।

ਡੋਨਾਲਡ ਟਰੰਪ ਨੇ ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਜਿੱਤ ਲਈ ਹੈ। ਇਸ ਜਿੱਤ ਤੋਂ ਬਾਅਦ ਭਾਰਤੀ ਅਤੇ ਗਲੋਬਲ ਬਾਜ਼ਾਰਾਂ 'ਚ ਮੰਨਿਆ ਜਾ ਰਿਹਾ ਸੀ ਕਿ ਟਰੰਪ ਜੰਗ ਨੂੰ ਖਤਮ ਕਰਨ ਲਈ ਕੁਝ ਕਦਮ ਚੁੱਕਣਗੇ। ਅਜਿਹੇ 'ਚ ਉਨ੍ਹਾਂ ਨੇ ਸੋਨੇ-ਚਾਂਦੀ 'ਚ ਨਿਵੇਸ਼ ਕਰਨਾ ਬੰਦ ਕਰ ਦਿੱਤਾ, ਜਿਸ ਕਾਰਨ ਇਨ੍ਹਾਂ ਦੀਆਂ ਕੀਮਤਾਂ ਡਿੱਗ ਗਈਆਂ। ਹਾਲਾਂਕਿ, ਅਜਿਹਾ ਨਹੀਂ ਹੋਇਆ, ਅਮਰੀਕਾ ਨੇ ਯੂਕਰੇਨ ਨੂੰ ਰੂਸ ਲਈ ਅਮਰੀਕੀ ਮਿਜ਼ਾਈਲਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ। ਇਸ ਇਜਾਜ਼ਤ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਗਈ, ਜਿਸ ਕਾਰਨ ਸੋਨੇ ਦੀਆਂ ਕੀਮਤਾਂ 'ਚ ਜ਼ਬਰਦਸਤ ਵਾਧਾ ਹੋਇਆ।

ਮੰਨਿਆ ਜਾ ਰਿਹਾ ਹੈ ਕਿ ਨਵੇਂ ਸਾਲ ਤੋਂ ਬਾਅਦ ਸੋਨੇ ਦੀਆਂ ਕੀਮਤਾਂ 'ਚ ਗਿਰਾਵਟ ਆ ਸਕਦੀ ਹੈ। 20 ਜਨਵਰੀ ਨੂੰ ਬਾਈਡੇਨ ਦੀ ਥਾਂ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣਨਗੇ। ਟਰੰਪ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਜੰਗ ਨੂੰ ਰੋਕਣ ਦਾ ਫੈਸਲਾ ਲੈ ਸਕਦੇ ਹਨ।

## ਭੰਡਾਰਿਆਂ ਦੇ ਚੱਲਦੇ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਖ਼ੁਸ਼ਖ਼ਬਰੀ

ਪੰਜਾਬ ਦਾ ਖੁਲਾਸਾ

**ਜਲੰਧਰ :** ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਰਾਹਤ ਭਰੀ ਖ਼ਬਰ ਹੈ। ਦਰਅਸਲ, 5 ਦਿਨਾਂ ਲਈ ਰੱਦ ਕੀਤੀਆਂ ਟਰੇਨਾਂ ਦਾ ਸੰਚਾਲਨ ਚਾਰ ਦਿਨ ਬਾਅਦ 27 ਨਵੰਬਰ ਤੋਂ ਮੁੜ ਸ਼ੁਰੂ ਹੋਵੇਗਾ, ਇਸ ਨਾਲ ਡੇਰਾ ਬਿਆਸ ਜਾਣ ਵਾਲੀ ਸੰਗਤ ਨੂੰ ਵੱਡੀ ਰਾਹਤ ਮਿਲੇਗੀ। ਜਾਣਕਾਰੀ ਅਨੁਸਾਰ ਚਹੇੜੂ ਰੇਲਵੇ ਸਟੇਸ਼ਨ 'ਤੇ ਇੰਟਰਲਾਕਿੰਗ ਦੇ ਕੰਮ ਕਾਰਨ ਕਈ ਰੇਲ ਗੱਡੀਆਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਕਾਰਨ ਰੇਲਵੇ ਨੇ ਬਿਆਸ ਭੰਡਾਰੇ ਲਈ 2 ਰੇਲ ਗੱਡੀਆਂ ਬਹਾਲ ਕਰ ਦਿੱਤੀਆਂ ਹਨ ਤਾਂ ਜੋ ਬਿਆਸ ਆਉਣ-ਜਾਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਦੱਸਣਯੋਗ ਹੈ ਕਿ ਡੇਰਾ ਬਿਆਸ ਵਿਚ ਇਨ੍ਹੀਂ ਦਿਨੀਂ ਭੰਡਾਰਿਆਂ ਦਾ ਆਯੋਜਨ ਹੋ ਰਿਹਾ ਹੈ। ਸ਼ੁੱਕਰਵਾਰ ਤੋਂ ਲੈ ਕੇ ਐਤਵਾਰ ਤਕ ਵੱਡੀ ਗਿਣਤੀ ਵਿਚ ਸੰਗਤ ਡੇਰਾ ਬਿਆਸ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦਾ ਸਤਿਸੰਗ ਸੁਣਨ ਲਈ ਬਿਆਸ ਆਉਂਦੀ ਹੈ। ਸੰਗਤ ਦੀ ਸਹੂਲਤ ਦੇ ਮੱਦੇਨਜ਼ਰ ਦੋ ਟ੍ਰੇਨਾਂ ਬਹਾਲ ਕੀਤੀਆਂ ਗਈਆਂ ਹਨ ਤਾਂ ਜੋ ਆਉਣ ਜਾਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ।



ਯਾਦ ਰਹੇ ਕਿ ਕੁਝ ਦਿਨਾਂ ਤੋਂ ਤਕਨੀਕੀ ਕਾਰਣਾਂ ਕਰਕੇ ਟ੍ਰੇਨਾਂ ਦੀ ਆਵਾਜਾਈ ਕਾਫੀ ਪ੍ਰਭਾਵਤ ਹੋ ਰਹੀ ਹੈ। ਜਲੰਧਰ ਕੈਂਟ ਸਟੇਸ਼ਨ 'ਤੇ ਨਿਰਮਾਣ ਕਾਰਜ ਚੱਲਣ ਕਰਕੇ ਕਈ ਟ੍ਰੇਨਾਂ ਨੂੰ ਫਗਵਾੜਾ ਸਟੇਸ਼ਨ 'ਤੇ ਹੀ ਟਰਮੀਨੇਟ ਕੀਤਾ ਜਾ ਰਿਹਾ ਹੈ। ਜਿਸ ਕਾਰਣ ਸੰਗਤ ਨੂੰ ਡੇਰਾ ਬਿਆਸ ਪਹੁੰਚਣ ਵਿਚ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸੇ ਕਰਕੇ ਰਾਧਾ ਸੁਆਮੀ ਸਤਿਸੰਗ ਘਰ ਜਲੰਧਰ ਅਤੇ ਫਗਵਾੜਾ ਦੇ ਪ੍ਰਬੰਧਕਾਂ ਨੇ ਸੰਗਤ ਦੀ ਸਹੂਲਤ ਲਈ ਫਗਵਾੜਾ ਸਟੇਸ਼ਨ 'ਤੇ ਸੇਵਾਦਾਰਾਂ ਨੂੰ ਤਾਇਨਾਤ ਕੀਤਾ ਹੈ ਅਤੇ ਡੇਰਾ ਬਿਆਸ ਆਉਣ ਵਾਲੀ ਦੂਜੇ ਸੂਬਿਆਂ ਦੀ ਸੰਗਤ ਨੂੰ ਡੇਰਾ ਪਹੁੰਚਣ ਦਾ ਇੰਤਜ਼ਾਮ ਕੀਤਾ ਹੈ।

ਸੰਗਤ ਲਈ ਸਪੈਸ਼ਲ ਬੱਸਾਂ ਲਗਾਈਆਂ ਗਈਆਂ ਹਨ। ਇੰਨਾ ਹੀ ਨਹੀਂ ਸੰਗਤ ਦੇ ਨਾਲ-ਨਾਲ ਹੋਰ ਰੇਲ ਯਾਤਰੀਆਂ ਲਈ ਚਾਹ ਪਾਣੀ ਦਾ ਲੰਗਰ ਦਾ ਵੀ ਪ੍ਰਬੰਧਕ ਕੀਤਾ ਗਿਆ ਹੈ। ਬਜ਼ੁਰਗਾਂ ਲਈ ਵ੍ਹੀਲਚੇਅਰ ਦਾ ਬੰਦੋਬਸਤ ਕੀਤਾ ਗਿਆ ਹੈ। ਸਮੇਂ ਸਿਰ ਡੇਰਾ ਬਿਆਸ ਪਹੁੰਚੀ ਸੰਗਤ ਨੇ ਇਸ ਸਹੂਲਤ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਹੈ।

## ਗੋਲੀ ਲੱਗਣ ਨਾਲ ਵਿਆਹੁਤਾ ਦੀ ਮੌਤ , ਪਤੀ ਅਤੇ ਸੱਸ ਖਿਲਾਫ ਮਾਮਲਾ ਦਰਜ

ਪੰਜਾਬ ਦਾ ਖੁਲਾਸਾ

**ਮਮਦੋਟ , 23 ਨਵੰਬਰ (ਸ਼ਰਮਾ) :** ਪੁਲਸ ਥਾਣਾ ਮਮਦੋਟ ਅਧੀਨ ਆਉਦੇ ਪਿੰਡ ਹਜਾਰਾ ਸਿੰਘ ਵਾਲਾ ਵਿਖੇ ਇੱਕ ਵਿਆਹੁਤਾ ਔਰਤ ਦੀ ਸਿਰ ਵਿੱਚ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਜਿਸ ਸਬੰਧੀ ਇੱਕ ਦਿਨ ਬਣੇ ਰਹੇ ਭੇਦ ਤੋਂ ਬਾਅਦ ਬੀਤੀ ਰਾਤ ਪੁਲਸ ਵੱਲੋਂ ਮ੍ਰਿਤਕ ਔਰਤ ਦੇ ਭਰਾ ਦੇ ਬਿਆਨਾਂ ਦੇ ਆਧਾਰ ਤੇ ਮ੍ਰਿਤਕ ਔਰਤ ਦੇ ਪਤੀ ਅਤੇ ਸੱਸ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ । ਇਸ ਸਬੰਧੀ ਮਮਦੋਟ ਪੁਲਸ ਨੂੰ ਲਿਖਵਾਏ ਗਏ ਬਿਆਨਾਂ ਵਿੱਚ ਮ੍ਰਿਤਕ ਔਰਤ ਦੇ ਭਰਾ ਹਰਜਿੰਦਰ ਸਿੰਘ ਪੁੱਤਰ ਬੰਤ ਸਿੰਘ ਵਾਸੀ ਪਿੰਡ ਕੰਨੀਆਂ ਕਲਾਂ , ਥਾਣਾ ਧਰਮਕੋਟ , ਜਿਲ ਾ ਮੋਗਾ ਨੇ ਦੱਸਿਆ ਕਿ ਅਸੀ ਕੁੱਲ 6 ਭੈਣ-ਭਰਾ ਹਾਂ ਅਤੇ ਮੇਰੇ ਤੋਂ ਛੋਟੀ ਭੈਣ ਮਨਜੀਤ ਕੌਰ ਜਿਸਦੀ ਸ਼ਾਦੀ ਕਰੀਬ 12 ਸਾਲ ਪਹਿਲਾਂ ਸੁਖਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਹਜਾਰਾ ਸਿੰਘ ਵਾਲਾ , ਥਾਣਾ ਮਮਦੋਟ ਜਿਲ ਾ ਫਿਰੋਜਪੁਰ ਨਾਲ ਹੋਈ ਸੀ। ਮੇਰੇ ਭੈਣ ਦੇ ਘਰ 2 ਬੱਚੇ ਹਨ , ਜਿਨ ਾਂ ਵਿੱਚ ਇੱਕ ਲੜਕੀ ਨੂਰ (10 ਸਾਲ) ਅਤੇ ਇੱਕ ਲੜਕਾ ਹਰਵਿੰਦਰ ਸਿੰਘ (8ਸਾਲ) ਹੈ । ਹਰਜਿੰਦਰ ਸਿੰਘ ਨੇ ਆਪਣੇ ਬਿਆਨਾਂ ਵਿੱਚ ਅੱਗੇ ਦੱਸਿਆ ਕਿ ਮੇਰੀ ਭੈਣ ਨੂੰ ਜੀਜਾ ਸੁਖਵਿੰਦਰ ਸਿੰਘ ਅਤੇ ਉਸਦੀ ਸੱਸ ਬਖਸ਼ੀਸ਼ ਕੌਰ ਸ਼ੁਰੂ ਤੋ ਹੀ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਉਸਦੀ ਕੁੱਟਮਾਰ ਕਰਦੇ ਸਨ। ਉਹਨਾਂ ਅੱਗੇ ਦੱਸਿਆ ਕਿ ਮੇਰੇ ਮਾਤਾ-ਪਿਤਾ ਅਤੇ ਅਸੀ ਮੇਰੀ ਭੈਣ ਮਨਜੀਤ ਕੌਰ ਦੇ ਸੁਹਰੇ ਘਰ ਜਾ ਕੇ ਕਈ ਵਾ ਸਹਿਮਤੀ ਵੀ ਕਰਵਾ ਕੇ ਆਏ ਸੀ। ਉਸਨੇ ਦੱਸਿਆ ਕਿ 20 ਨਵੰਬਰ ਨੂੰ ਕਰੀਬ ਰਾਤ ਦੇ 7-8 ਵਜੇ ਮੇਰੇ ਭੈਣ ਮਨਜੀਤ ਕੌਰ ਦਾ ਫੋਨ ਆਇਆ ਕਿ ਮੇਰਾ ਪਤੀ ਮੇਰੇ ਨਾਲ ਬਿਨਾਂ ਵਜ ਾ ਤੋ ਲੜ ਰਿਹਾ ਅਤੇ ਮੈਨੂੰ ਜਾਨੋ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ ਅਤੇ ਕਹਿ ਰਹੇ ਹਨ ਕਿ ਤੂੰ ਘਰ ਛੱਡ ਕੇ ਪੇਕੇ ਚਲੀ ਜਾ ਅਤੇ ਮੇਰੀ ਸੱਸ ਬਖਸ਼ੀਸ਼ ਕੌਰ ਵੀ ਆਪਣੇ ਪੁੱਤਰ ਦਾ ਸਾਥ ਦੇ ਰਹੀ ਹੈ । ਰਜਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਮੇਰੀ ਨੇ ਕਿਹਾ ਕਿ ਅਸੀ ਕੱਲ ਨੂੰ ਆ ਕੇ ਤੁਹਾਡਾ ਰਾਜੀਨਾਮਾ ਕਰਵਾ ਦਿਆਂਗਾ ਤੂੰ ਫਿਕਰ ਨਾ ਕਰ । ਆਪਣੇ ਬਿਆਨਾਂ ਵਿੱਚ ਉਸਨੇ ਅੱਗੇ ਦੱਸਿਆ ਕਿ 21 ਨਵੰਬਰ ਨੂੰ ਵਕਤ ਕਰੀਬ 4 ਵਜੇ ਦਾ ਹੋਵੇਗਾ ਕਿ ਮੇਰੀ ਮਾਂ ਨੂੰ ਮੇਰੇ ਜੀਜੇ ਸੁਖਵਿੰਦਰ ਸਿੰਘ ਦਾ ਫੋਨ ਆਇਆ ਕਿ ਮਨਜੀਤ ਕੌਰ ਨੇ ਕੋਈ ਤਿੱਖੀ ਚੀਜ ਆਪਣੇ ਸਿਰ ਵਿੱਚ ਮਾਰ ਲਈ ਹੈ , ਜਿਸਦੇ ਸਿਰ ਵਿੱਚੋ ਖੂਨ ਵਗ ਰਿਹਾ ਹੈ । ਉਸਨੇ ਦੱਸਿਆ ਕਿ ਜਦੋਂ ਮੈ ਅਤੇ ਮੇਰਾ ਪਿਤਾ ਬੰਤ ਸਿੰਘ ਰਾਤ ਕਰੀਬ 8 ਵਜੇ ਆਪਣੀ ਭੈਣ ਦੇ ਘਰ ਪੁੱਜੇ ਤਾਂ ਮੇਰੀ ਭੈਣ ਦੇ ਸਿਰ ਤੇ ਪੱਟੀ ਲੱਗੀ ਹੋਈ ਸੀ। ਉਸਦੇ ਕੱਪੜੇ ਬਦਲ ਕੇ ਅਤੇ ਜਿਸ ਕਮਰੇ ਵਿੱਚ ਘਟਨਾ ਹੋਈ ਸੀ , ਉਸ ਵਿੱਚ ਬੈੱਡ ਦੀਆਂ ਚਾਦਰਾਂ ਅਤੇ ਖੂਨ ਦੀ ਸਫਾਈ ਕਰਕੇ ਸਬੂਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਸੀ ਅਤੇ ਕਿਤੇ ਵੀ ਖੂਨ ਵਗੈਰਾ ਨਹੀ ਸੀ। ਉਸਨੇ ਦੱਸਿਆ ਕਿ ਇਹ ਸਭ ਕੁਝ ਵੇਖ ਕੇ ਸਾਨੂੰ ਸ਼ੱਕ ਹੋ ਗਿਆ ਅਤੇ ਅਸੀ ਦੇ ਪਿਛਲੇ ਪਾਸਿਓ ਪੱਟੀ ਚੁੱਕ ਵੇਖਿਆ ਤਾਂ ਮੇਰੀ ਭੈਣ ਦੇ ਸਿਰ ਵਿੱਚ ਸੁਰਾਖ ਸੀ । ਸਾਨੂੰ ਪਤਾ ਲੱਗਾ ਕਿ ਮੇਰੀ ਭੈਣ ਦੇ ਮੇਰੇ ਜੀਜੇ ਸੁਖਵਿੰਦਰ ਸਿੰਘ ਉਕਤ ਨੇ ਸਿਰ ਦੇ ਪਿਛਲੇ ਪਾਸਿਓਂ ਆਪਣੇ ਲਾਇਸੰਸੀ 32 ਬੋਰ ਰਿਵਾਲਵਰ ਨਾਲ ਗੋਲੀ ਮਾਰ ਕੇ ਉਸ ਦਾ ਕਤਲ ਕੀਤਾ ਹੈ । ਉਸ ਨੇ ਦੋਸ਼ ਲਗਾਇਆ ਕਿ ਮੇਰੀ ਭੈਣ ਮਨਜੀਤ ਕੌਰ ਦੇ ਕਤਲ ਮੇਰਾ ਜੀਜਾ ਸੁਖਵਿੰਦਰ ਸਿੰਘ ਅਤੇ ਉਸਦੀ ਮਾਤਾ ਬਖਸ਼ੀਸ਼ ਕੌਰ ਪਤਨੀ ਬਲਕਾਰ ਸਿੰਘ ਜਿੰਮੇਵਾਰ ਹਨ ।



ਇਸ ਸਬੰਧੀ ਪੁਲਸ ਥਾਣਾ ਮਮਦੋਟ ਦੇ ਐਸ.ਐਚ.ਓ ਇੰਸਪੈਕਟਰ ਅਭਿਨਵ ਚੌਹਾਨ ਨੇ ਦੱਸਿਆ ਕਿ ਮ੍ਰਿਤਕ ਔਰਤ ਦੇ ਭਰਾ ਹਰਜਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ਤੇ ਸੁਖਵਿੰਦਰ ਸਿੰਘ ਅਤੇ ਬਖਸ਼ੀਸ਼ ਕੌਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ । ਮ੍ਰਿਤਕਾ ਦੀ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ ਗਈ ਹੈ । ਦੋਸ਼ੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ।

# ਸਮਾਜ ਸੇਵੀ ਹੌਲਦਾਰ ਹਰੀ ਸਿੰਘ ਭੋਏਵਾਲ ਦੇ ਨਮਿਤ ਅੰਤਿਮ ਅਰਦਾਸ ਅਤੇ ਭੋਗ ਪਾਏ ਗਏ

ਪੰਜਾਬ ਦਾ ਖੁਲਾਸਾ



**ਅੰਮ੍ਰਿਤਸਰ 23ਨਵੰਬਰ (ਦਿਨੇਸ਼ ਸੋਨੀ)** ਸਮਾਜ ਸੇਵੀ ਹੌਲਦਾਰ ਹਰੀ ਸਿੰਘ ਭੋਏਵਾਲ ਦੇ ਨਮਿਤ ਅਰੰਭ ਕੀਤੇ ਗਏ ਪਵਿੱਤਰ ਪਾਵਨ ਗੁਰਬਾਣੀ ਦੇ ਅਖੰਡ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਿੰਘ ਸਭਾ ਭੋਏਵਾਲ ਵਿੱਖੇ ਭਾਈ ਬਲਦੇਵ ਸਿੰਘ ਵਡਾਲਾ ਰਾਗੀ ਜਥੇ ਨੇ ਬੈਰਾਗ ਮਈ ਗੁਰਬਾਣੀ ਦੇ ਪਵਿੱਤਰ ਪਾਵਨ ਕੀਰਤਨ ਅਤੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਤੇ ਵਿਸੇਸ ਤੌਰ ਤੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰੂ ਕੀ ਬੇਰ ਸਾਹਿਬ ਜੀ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਹੁਰਾਂ ਜਥੇ ਸਮੇਤ ਸਰਧਾ ਦੇ ਫ਼ੁੱਲ ਭੇਟ ਕੀਤੇ ਗਏ। ਇਸ ਸਮੇਂ ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਹੌਲਦਾਰ ਹਰੀ ਸਿੰਘ ਦੇ ਜੀਵਨੀ ਬਾਰੇ ਚਾਨਣਾ ਪਾਇਆ ਅਤੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੇ ਕਿਹਾ ਕਿ ਹੌਲਦਾਰ ਹਰੀ ਸਿੰਘ ਅੰਮਿ ?ਤਧਾਰੀ ਅਤੇ ਨਿਤਨੇਮੀ ਵਾਹਿਗੁਰੂ ਜੀ ਭਜਨ ਸਿਮਰਨ ਕਰਦੇ ਰਹਿੰਦੇ ਸਨ। ਉਹ ਸਦਾ ਹੀ ਲੋੜਵੰਦਾਂ ਦੀ ਸੇਵਾ ਲਈ ਹਾਜਰ ਰਹਿੰਦੇ ਸਨ। ਇਹ ਪੁਲਿਸ ਕਪੂਰਥਲਾ ਵਿੱਚ ਗ੍ਰੰਥੀ ਸਿੰਘ ਦੀ ਡਿਊਟੀ ਤਨ ਮਨ ਧੰਨ ਨਾਲ ਕਰਦੇ ਸਨ ਉਪਰੰਤ ਉਨ੍ਹਾਂ ਦੇ ਸਪੁੱਤਰ ਜੋਬਨਪਰੀਤ ਸਿੰਘ ਕਨੇਡਾ ਨੂੰ ਸਿਰਪਾਉ ਦੇਕੇ ਘਰ ਦੀ ਜਿੰਮੇਵਾਰ ਸੌਂਪੀ ਗਈ। ਇਸ ਮੌਕੇ ਤੇ ਹੌਲਦਾਰ ਹਰੀ ਸਿੰਘ ਨੂੰ ਸਰਧਾ ਦੇ ਫ਼ੁੱਲ ਭੇਟ ਕਰਨ ਲਈ ਧਾਰਮਿਕ, ਰਾਜਨੀਤਕ, ਸਮਾਜ ਸੇਵੀ, ਪੰਜਾਬ ਦੇ ਉਚ ਅਧਿਕਾਰੀ, ਰਿਸ਼ਤੇਦਾਰ ਸਾਕ ਸੰਬੰਧੀ ਨੇ ਸਰਧਾ ਦੇ ਫ਼ੁੱਲ ਭੇਟ ਕੀਤੇ ਅੰਤਿਮ ਅਰਦਾਸ ਭਾਈ ਮੇਜਰ ਸਿੰਘ ਭੋਏਵਾਲ ਨੇ ਕੀਤੀ।

# ਖੇਡਾਂ ਵਤਨ ਪੰਜਾਬ ਦੀਆਂ 2024 ਚ ਜਿਲਾ ਫਿਰੋਜ਼ਪੁਰ ਨੇ ਮਾਰੀਆਂ ਮੱਲਾਂ



ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ, 23 ਨਵੰਬਰ (ਅਸ਼ੋਕ ਭਾਰਦਾਜ)**– ਪੰਜਾਬ ਸਰਕਾਰ ਅਤੇ ਖੇਡ ਵਿਭਾਗ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ 2024 ਸਟੇਟ ਪੱਧਰੀ ਮੁਕਾਬਲੇ ਲੁਧਿਆਣਾ ਦੇ ਸਰਕਾਰੀ ਆਟਰਸ ਅਤੇ ਸਪੋਰਟਸ ਕਾਲਜ਼ ਜਲੰਧਰ ਵਿੱਖੇ ਕਰਵਾਏ ਗਏ । ਇਸ ਵਿੱਚ ਪੂਰੇ ਪੰਜਾਬ ਤੋਂ ਜੇਤੂ ਜ਼ਿਲ੍ਹਿਆਂ ਨੇ ਭਾਗ ਲਿਆ। ਇਸੇ ਲੜੀ ਵਿੱਚ ਸਤਰੰਜ਼ ਦੇ ਮੁਕਾਬਲਿਆਂ 40+ ਅਤੇ 50+ ਕੈਟਾਗਰੀ ਵਿੱਚ ਕਰਵਾਏ ਗਏ । ਜਿਸ ਵਿੱਚ ਫਿਰੋਜ਼ਪੁਰ ਦੀ 40+ ਟੀਮ ਨੇ ਪੂਰੇ ਪੰਜਾਬ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ ਅਤੇ 50+ ਟੀਮ ਨੇ ਪੂਰੇ ਪੰਜਾਬ ਵਿੱਚ ਦੂਸਰਾ ਸਥਾਨ ਹਾਸਲ ਹਾਸਲ ਕੀਤਾ। 40+ ਟੀਮ ਦੀ ਅਗਵਾਈ ਸ਼੍ਰੀ. ਤੇਜਿੰਦਰ ਸਿੰਘ ਲੈਕਚਰਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੱਟੀ ਰਾਜੋ ਕੇ ਵੱਲੋ ਕੀਤੀ ਗਈ । ਇਸ ਟੀਮ ਵਿੱਚ ਸ਼੍ਰੀ. ਵਿਕਾਸ , ਸ੍ਰੀ. ਤੇਜਿੰਦਰਪਾਲ ਗਿੱਲ , ਸ੍ਰੀ. ਪੰਕਜ਼ ਸ਼ਰਮਾ ਅਤੇ ਸ਼੍ਰੀ. ਮੁਨੀਸ਼ ਨੇ ਮੈਚ ਖੇਡ ਕੇ ਤਗਮਾ ਅਤੇ ਟਰਾਫ਼ੀ ਆਪਣੇ ਫ਼ਿਰੋਜ਼ਪੁਰ ਦੇ ਲਈ ਜਿੱਤੀ।50+ ਟੀਮ ਦੀ ਅਗਵਾਈ ਸ਼੍ਰੀ ਸੁਰਿੰਦਰ ਸਿੰਘ ਚੈਸ ਕੋਚ ਡੀ.ਸੀ.ਮਾਡਲ ਸਕੂਲ ਫਿਰੋਜ਼ਪੁਰ ਕੈਂਟ ਵੱਲੋ ਕੀਤੀ ਗਈ । ਇਸ ਟੀਮ ਵਿੱਚ ਸ਼੍ਰੀ. ਇੰਦਰਜੀਤ ਸਿੰਘ ਕਲਸੀ ਕੰਪਿਊਟਰ ਅਧਿਆਪਕ ਆਰਿਫ਼ ਕੇ , ਸ਼੍ਰੀ. ਹਰੀਸ਼ ਕੁਮਾਰ ਈ.ਟੀ.ਟੀ. ਅੀਧਆਪਕ ਸੂਬਾ ਕਦੀਮ, ਸ਼੍ਰੀ. ਸਿਵ ਕੁਮਾਰ ਕਲਰਕ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਅਤੇ ਸ਼ਲੈਂਦਰ ਕੁਮਾਰ ਤਲਵੰਡੀ ਭਾਈ ਨੇ ਮੈਚ ਖੇਡ ਕੇ ਪੂਰੇ ਪੰਜਾਬ ਵਿੱਚੋ ਸਿਲਵਰ ਮੈਡਲ ਪ੍ਰਾਪਤ ਕੀਤਾ ਅਤੇ ਆਪਣੇ ਜ਼ਿਲੇ ਦਾ ਨਾਮ ਰੋਸ਼ਨ ਕੀਤਾ।

# ਦਿਵਿਆਂਗ ਸੁਰਿੰਦਰ ਬਿੱਟੂ ਨੇ ਪੈਰਾ ਖੇਡਾਂ ਵਤਨ ਪੰਜਾਬ ਦੀਆਂ 'ਚ ਹਾਸਿਲ ਕੀਤਾ ਤੀਜਾ ਸਥਾਨ

ਪੰਜਾਬ ਦਾ ਖੁਲਾਸਾ



**ਨੂਰਪੁਰਬੇਦੀ, 23 ਨਵੰਬਰ (ਦਲਜੀਤ ਚਨੌਲੀ)**–ਪੰਜਾਬ ਸਰਕਾਰ ਵੱਲੋਂ ਦਿਵਿਆਂਗ ਖਿਡਾਰੀਆਂ ਲਈ 'ਪੈਰਾ ਖੇਡਾਂ ਵਤਨ ਪੰਜਾਬ ਦੀਆਂ' ਸੀਜਨ–1 ਦੇ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ 20 ਤੋਂ 25 ਨਵੰਬਰ ਤੱਕ ਪਹਿਲੀ ਵਾਰ ਕਰਵਾਈਆਂ ਜਾ ਰਹੀਆਂ ਉਕਤ ਸੂਬਾ ਪੱਧਰੀ ਖੇਡਾਂ ਦੇ ਐੱਫ–56 ਕੈਟਾਗਰੀ ਅਧੀਨ ਖਿਡਾਰੀ ਸੁਰਿੰਦਰ ਸਿੰਘ ਬਿੱਟੂ ਨੇ ਜੈਵਲਿਨ ਥ੍ਰੋਅ ਮੁਕਾਬਲਿਆਂ 'ਚ ਵਧੀਆਂ ਖੇਡ ਦਾ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਿਲ ਕਰਕੇ ਜ਼ਿਲਾ ਰੂਪਨਗਰ ਤੇ ਨੂਰਪੁਰਬੇਦੀ ਖੇਤਰ ਦਾ ਨਾਂ ਰੋਸ਼ਨ ਕੀਤਾ ਹੈ। ਇਸਤੋਂ ਪਹਿਲਾਂ ਉਕਤ ਨਾਮਵਰ ਖਿਡਾਰੀ ਨੇ ਰਾਜਸਥਾਨ ਦੇ ਹਨੂੰਮਾਨਗੜ੍ਹ ਸ਼ਹਿਰ ਵਿਖੇ ਹੋਈਆਂ ਪੈਰਾ ਖੇਡਾਂ 'ਚ ਵੀ ਪੰਜਾਬ ਦੀ ਟੀਮ ਵੱਲੋਂ ਖੇਡਦਿਆਂ ਕਾਂਸੇ ਦਾ ਤਗਮਾ ਹਾਸਿਲ ਕੀਤਾ ਸੀ । ਖਿਡਾਰੀ ਸੁਰਿੰਦਰ ਸਿੰਘ ਬਿੱਟੂ ਨੇ ਆਖਿਆ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਸਰਕਾਰ ਨੇ ਦਿਵਿਆਂਗ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਸਾਬਿਤ ਕਰਨ ਲਈ ਪੈਰਾ ਖੇਡਾਂ ਦਾ ਆਯੋਜਨ ਕਰਵਾਇਆ ਹੈ ? ਜਿਸ ਕਰਕੇ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ ? ਉਨ੍ਹਾਂ ਆਖਿਆ ਕਿ ਦਿਵਿਆਂਗ ਖਿਡਾਰੀ ਕਰਜ਼ੇ ਲੈ ਕੇ ਆਪਣੇ ਖੇਡਾਂ ਦੇ ਸ਼ੌਕ ਨੂੰ ਜਾਰੀ ਰੱਖ ਰਹੇ ਹਨ ? ਜਿਸ ਕਰਕੇ ਪੰਜਾਬ ਸਰਕਾਰ ਵੱਲੋਂ ਇ ਨ੍ਹਾਂ ਖਿਡਾਰੀਆਂ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਮੁਹੱਈਆ ਕਰਵਾਉਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ । ਜਿਸ ਨਾਲ ਨਾ ਕੇਵਲ ਇਨ੍ਹਾਂ ਦਿਵਿਆਂਗ ਖਿਡਾਰੀਆਂ 'ਚ ਖੇਡਾਂ ਪ੍ਰਤੀ ਹੋਰ ਵੀ ਉਤਸਾਹ ਵਧੇਗਾ ? ਜਦਕਿ ਉਹ ਵਧੀਆ ਖੇਡ ਦਾ ਪ੍ਰਦਰਸ਼ਨ ਕਰਕੇ ਸੂਬੇ ਦਾ ਨਾਂ ਚਮਕਾ ਸਕਣਗੇ . ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਵੀ ਉਕਤ ਖਿਡਾਰੀ ਨੂੰ ਕਾਂਸੀ ਦਾ ਤਗਮਾ ਜਿੱਤਣ 'ਤੇ ਵਧਾਈ ਦਿੰਦਿਆਂ ਭਵਿੱਖ ਲਈ ਸ਼ੁਭਕਾਮਨਾਵਾਂ ਭੇਂਟ ਕੀਤੀਆਂ . ਪੈਰਾ ਖੇਡਾਂ 'ਚ ਹਾਸਿਲ ਕੀਤਾ ਕਾਂਸੀ ਦਾ ਤਗਮਾ ਦਿਖਾਉਂਦਾ ਦਿਵਿਆਂਗ ਖਿਡਾਰੀ ਸੁਰਿੰਦਰ ਸਿੰਘ ਬਿੱਟੂ ।

# ਅਗੇਤੀ ਕਣਕ ਦੀ ਫ਼ਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਨਿਰੰਤਰ ਨਿਰੀਖਣ ਦੀ ਜ਼ਰੂਰਤ : ਡਾ.ਅਮਰੀਕ ਸਿੰਘ

ਪੰਜਾਬ ਦਾ ਖੁਲਾਸਾ



**ਫਰੀਦਕੋਟ: 23 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਮੌਸਮੀ ਤਬਦੀਲੀਆਂ ਦੇ ਚਲਦਿਆਂ ਸੈਨਿਕ ਸੁੰਡੀ ਨਾਮਕ ਕੀੜੇ ਨੇ ਜ਼ਿਲਾ ਫਰੀਦਕੋਟ ਦੇ ਪਿੰਡ ਦਲ ਸਿੰਘ ਵਾਲਾ ਵਿੱਚ ਹੈਪੀ ਸੀਡਰ ਅਤੇ ਮਲਚਿੰਗ ਤਕਨੀਕ ਨਾਲ ਬੀਜੀ ਕਣਕ ਦੀ ਫ਼ਸਲ ਉੱਪਰ ਕੀਤੇ ਹਮਲੇ ਸੰਬੰਧੀ ਵਿਚਾਰ ਚਰਚਾ ਕਰਨ ਲਈ ਐੱਸ ਡੀ ਐਮ ਜੈਤੋ ਸ੍ਰੀ ਸੂਰਜ ਪ੍ਰਕਾਸ਼ ਦੀ ਪਹਿਲ ਕਦਮੀ ਤੇ ਕਿਸਾਨਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਡਾ. ਅਮਰੀਕ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਜਾਂ ਖੇਤਾਂ ਤੋਂ ਬਾਹਰ ਸੰਭਾਲ ਕੇ ਜ਼ੀਰੋ ਟਿੱਲ ਡਰਿੱਲ,ਹੈਪੀ ਸੀਡਰ,ਸੁਪਰ ਸੀਡਰ,ਸਮਾਰਟ ਸੀਡਰ ਨਾਲ ਕੀਤੀ ਜਾ ਰਹੀ ਹੈ ,ਜੋਂ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗੀ। ਉਨਾਂ ਦੱਸਿਆ ਕਿ ਮੌਸਮੀ ਤਬਦੀਲੀਆਂ ਕਾਰਨ ਕੁਝ ਘੱਟ ਮਹੱਤਪੂਰਨ ਕੀੜੇ ਮੁੱਖ ਕੀੜੇ ਬਣਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਕਣਕ ਦੀ ਖਾਸ ਕਰਕੇ ਹੈਪੀ ਸੀਡਰ ਜਾਂ ਮਲਚਿੰਗ ਤਕਨੀਕ ਨਾਲ ਬਿਜਾਈ ਕੀਤੀ ਫ਼ਸਲ ਦਾ ਸ਼ਾਮ ਵੇਲੇ ਸੂਰਜ ਡੁੱਬਣ ਤੋਂ ਬਾਅਦ ਨਿਰੰਤਰ ਨਿਰੀਖਣ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਨਵੀਆਂ ਤਕਨੀਕਾਂ ਆਉਣ ਦੇ ਨਾਲ ਕੁਝ ਕੀੜੇ ਵੀ ਫ਼ਸਲਾਂ ਵਿਚ ਆ ਜਾਂਦੇ ਹਨ ਜਿਨ੍ਹਾਂ ਵਿਚ ਕਣਕ ਦੀ ਫ਼ਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਅਤੇ ਸੈਨਿਕ ਸੁੰਡੀ ਅਜਿਹੇ ਕੀਟ ਹਨ ਜੋਂ ਦੀ ਕਣਕ ਦੀ ਫ਼ਸਲ ਦਾ ਬਿਜਾਈ ਤੋਂ 20-30 ਦਿਨਾਂ ਬਾਅਦ ਨੁਕਸਾਨ ਕਰਦੇ ਹਨ। ਉਨਾਂ ਦੱਸਿਆ ਕਿ ਸੈਨਿਕ ਸੁੰਡੀ ਕਣਕ ਦੀ ਫ਼ਸਲ ਦਾ ਮੁੱਖ ਕੀੜਾ ਤਾਂ ਨਹੀਂ ਪਰ ਜੇਕਰ ਇਸ ਦਾ ਖਿਆਲ ਨਾਂ ਰੱਖਿਆ ਜਾਵੇ ਤਾਂ ਇਹ ਪ੍ਰਭਾਵਤ ਫ਼ਸਲ ਖਾਸ ਕਰਕੇ ਹੈਪੀ ਸੀਡਰ ਜਾਂ ਮਲਚਿੰਗ ਤਕਨੀਕ ਨਾਲ ਬਿਜਾਈ ਕੀਤੀ ਫ਼ਸਲ ਦਾ ਪੱਤਿਆਂ ਨੂੰ ਖਾ ਕੇ ਬਹੁਤ ਨੁਕਸਾਨ ਕਰ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਕੀੜਾ ਬਹੁਤ ਤੇਜੀ ਨਾਲ ਫੈਲਦਾ ਹੈ,ਜਿਸ ਕਾਰਨ ਇਸ ਕੀੜੇ ਦੀ ਰੋਕਥਾਮ ਸਮੇਂ ਸਿਰ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸੈਨਿਕ ਸੁੰਡੀ ਦਾ ਰੰਗ ਹਲਕਾ ਸਲੇਟੀ ਭੂਰਾ ਹੁੰਦਾ ਹੈ ਜੋਂ ਸੂਰਜ ਡੁੱਬਣ ਤੋਂ ਬਾਅਦ ਫ਼ਸਲ ਦੇ ਪੱਤਿਆਂ ਨੂੰ ਖਾ ਕੇ ਨੁਕਸਾਨ ਕਰਦਾ ਹੈ ਅਤੇ ਦਿਨ ਸਮੇਂ ਖੇਤ ਵਿਚ ਪਈ ਪਰਾਲੀ ਜਾਂ ਮਿੱਟੀ ਦੀਆਂ ਢੀਮਾਂ ਦੇ ਹੇਠਾਂ ਛਿਪ ਕੇ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਕੀੜੇ ਦੇ ਹਮਲੇ ਤੋਂ ਕਣਕ ਦੀ ਫਸਲ ਨੂੰ ਬਚਾਉਣ ਲਈ ਸੂਰਜ ਡੁੱਬਣ ਤੋਂ ਬਾਅਦ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਇਸ ਕੀੜੇ ਦਾ ਹਮਲਾ ਕਣਕ ਦੀ ਫਸਲ ਉੱਪਰ ਦਿਖਾਈ ਦੇਵੇ ਤਾਂ ਇਸ ਦੇ ਅਗਾਂਹ ਫੈਲਾਅ ਨੂੰ ਰੋਕਣ ਲਈ ਤੁਰੰਤ 40 ਮਿਲੀ ਲਿਟਰ ਕਲੋਰੈਂਟਰਾਨਿਲੀਪਰੋਲ 18.5 ਈ.ਸੀ. ਜਾਂ 400 ਮਿਲੀ ਲਿਟਰ ਕੁਇਨਲਫਾਸ 25 ਈ ਸੀ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਗੋਲ ਨੋਜ਼ਲ ਨਾਲ ਸੂਰਜ ਡੁੱਬਣ ਤੋਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ ਜਾਂ 7 ਕਿਲੋ ਫਿਪਰੋਨੀਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਮਿਲਾ ਕੇ ਛਟਾ ਦੇਣ ਉਪਰੰਤ ਪਾਣੀ ਲਗਾ ਦੇਣਾ ਚਾਹੀਦਾ। ਉਨਾਂ ਕਿਹਾ ਕਿ ਪਾਣੀ ਲਗਾਉਣ ਨਾਲ ਕਣਕ ਦੀ ਫ਼ਸਲ ਫੁਟਾਰਾ ਦੁਬਾਰਾ ਹੋ ਜਾਂਦਾ ਹੈ ਇਸ ਲਈ ਘਬਰਾਉਣ ਦੀ ਨਹੀਂ ਸਮੇਂ ਸਿਰ ਢੁਕਵਾਂ ਇਲਾਜ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਤਕਨੀਕਾਂ ਅਪਣਾ ਕੇ ਆਰਮੀ ਵਰਮ ( ਫੌਜੀ ਕੀੜਾ) ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫਾਰਸ਼ਸ਼ੁਦਾ ਕੀਟਨਾਸ਼ਕਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।ਕਿਸਾਨ ਆਗੂ ਸ਼ਿੰਦਾ ਸਿੰਘ ਅਤੇ ਭਿੰਡਰ ਨੇ ਅਜੋਕੇ ਸਮੇਂ ਵਿਚ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਉਂਦਿਆਂ ਮੰਗ ਕੀਤੀ ਕਿ ਸੁੰਡੀ ਨਾਲ ਪ੍ਰਭਾਵਤ ਫ਼ਸਲ ਨੂੰ ਬਚਾਉਣ ਲਈ ਲੋੜੀਂਦੀਆਂ ਕੀਟ ਨਾਸ਼ਕ ਮੁਹਈਆ ਕਰਵਾਈਆਂ ਜਾਣ ਅਤੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਵਿਚ ਜਾਗਰੂਕ ਕੈਂਪ ਲਗਾਏ ਜਾਣ। ਉਨਾਂ ਇਹ ਵੀ ਮੰਗ ਕੀਤੀ ਕਣਕ ਦੀ ਰਹਿੰਦੀ ਬਿਜਾਈ ਲਈ ਲੋੜੀਂਦੀ ਡੀ ਏ ਪੀ ਖਾਦ ਮੁਹਈਆ ਕਰਵਾਈ ਜਾਵੇ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸ਼ਾਮ ਸਮੇਂ ਆਪਣੀ ਕਣਕ ਦੀ ਫ਼ਸਲ ਦਾ ਨਿਰੀਖਣ ਜ਼ਰੁਰ ਕਰਨ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਧਿਆਨ ਵਿੱਚ ਲਿਆਉਣ ਤਾਂ ਜੋਂ ਸਮੇਂ ਸਿਰ ਇਲਾਜ ਕਰਕੇ ਫ਼ਸਲ ਨੂੰ ਬਚਾਇਆ ਜਾ ਸਕੇ।

# ਸਿਟੀਜਨ ਫੋਰਮ ਵਿਧਾ ਮੰਦਰ ਵਿਖੇ ਦਾਨ ਉਤਸਵ ਦਾ ਆਯੋਜਨ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ 23 ਨਵੰਬਰ (ਦਿਨੇਸ਼ ਸੋਨੀ)** ਹਲਕਾ ਪੂਰਬੀ ਦੇ ਮਕਬੂਲਪੁਰਾ ਵਿਖੇ ਸਿਟੀਜਨ ਫੋਰਮ ਵਿਧਾ ਮੰਦਰ ਵਿਖੇ ਦਾਨ ਉਤਸਵ ਦਾ ਆਯੋਜਨ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ ਅਤੇ ਸੰਸਥਾ ਦੇ ਸੰਸਥਾਪਕ ਅਤੇ ਟ੍ਰਸ਼ਟੀ ਮਸ਼ਹੂਰ ਸਮਾਜ ਸੇਵੀ ਸ. ਅਜੀਤ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਭਾਰਤੀ ਰੈਡਕ੍ਰਾਸ ਸੋਸਾਇਟੀ ਦੇ ਮਹਾਸਚਿਵ ਸੈਮਸਨ ਮਸੀਹ ਵਿਸ਼ੇਸ਼ ਮਹਿਮਾਨ, ਸਮਾਜ ਸੇਵੀ ਯੋਗੇਸ਼ ਮਿੱਤਲ, ਯੂ.ਪੀ. ਕਲਿਆਨ ਪਰਿਸ਼ਦ ਦੇ ਪੰਜਾਬ ਮਹਾਸਚਿਵ ਸ਼੍ਰੀ ਰਾਮਭਵਨ ਗੋਸਵਾਮੀ, ਨਿਸ਼ਕਾਮ ਸੇਵਾ ਸੋਸਾਇਟੀ ਦੇ ਮੁੱਖੀ ਸ਼੍ਰੀ ਵਿਜੇ ਮਹਾਜਨ ਨੇ ਵਿਸ਼ੇਸ਼ ਮਹਿਮਾਨ ਦੀ ਭੂਮਿਕਾ ਨਿਭਾਈ। ਸ਼੍ਰੀ ਸੈਮਸਨ ਮਸੀਹ ਨੇ ਸਿਟੀਜਨ ਫੋਰਮ ਵਿਧਾ ਮੰਦਰ ਵਿੱਚ ਜਰੂਰਤਮੰਦ ਬੱਚਿਆਂ ਨੂੰ ਸਿੱਖਿਆ ਦੇ ਕੇ ਉਹਨਾਂ ਨੂੰ ਆਤਮ ਨਿਰਭਰ ਬਨਾਉਣ ਵਿੱਚ ਸੰਸਥਾਪਕ ਅਤੇ ਸਟਾਫ ਵੱਲੋਂ ਯੋਗਦਾਨ ਦੇਣ ਦੀ ਸ਼ਲਾਘਾਂ ਕੀਤੀ। ਦੂਸਰਿਆਂ ਦੀ ਚੌਲੀ ਵਿੱਚ ਖੁਸ਼ੀਆਂ ਭਰਨਾ ਹੀ ਦਾਨ ਉਤਸਵ ਦਾ ਮਹਤਵ ਹੈ। ਸ. ਅਜੀਤ ਸਿੰਘ ਨੇ ਕਿਹਾ ਕਿ ਗਰੀਬ ਬੱਚਿਆਂ ਦੇ ਭੱਵਿਖ ਨੂੰ ਸੁਧਾਰਨਾ ਹੀ ਉਹਨਾਂ ਦੇ ਜੀਵਨ ਦਾ ਉਦੇਸ਼ ਹੈ। ਆਖਰੀ ਸਾਂਹ ਤੱਕ ਬੱਚਿਆਂ ਦੀ ਸੇਵਾ ਹੀ ਮੇਰਾ ਧਰਮ ਹੈ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਸੇਵਾ ਹੀ ਪਰਮ ਧਰਮ ਹੈ ਜਰੂਰਤਮੰਦਾਂ ਦੇ ਹੰਜੂ ਪੂੰਜ ਕੇ ਚੇਹਰੇ ਤੇ ਖੁਸ਼ਹਾਲੀ



ਲਿਆਉਣਾ ਹੀ ਪਰੋਪਕਾਰ ਹੈ। ਬੱਚਿਆਂ ਨੂੰ ਉਹਨਾਂ ਦੀ ਜਰੂਰਤ ਦਾ ਸਾਰਾ ਸਮਾਨ ਦਿੰਦੇ ਹੋਏ ਸਮਾਜ ਸੇਵੀ ਯੋਗੇਸ਼ ਮਿੱਤਲ ਨੇ ਕਿਹਾ ਕਿ ਬੱਚਿਆਂ ਦੇ ਭਵਿੱਖ ਨੂੰ ਉਜਵਲ ਬਨਾ?ਣ ਦੇ ਲਈ ਜਿਨਾਂ ਵੀ ਦਾਨ ਕੀਤਾ ਜਾਵੇ ਘਟ ਹੈ। ਸ਼੍ਰੀ ਰਾਮਭਵਨ ਗੋਸਵਾਮੀ ਨੇ ਕਿਹਾ ਕਿ ਬੱਚਿਆਂ ਦੇ ਲਈ ਦਾਨ ਉਤਮ ਦਾਨ ਹੈ। ਵਿਜੇ ਮਹਾਜਨ ਨੇ ਵੀ ਸਕੂਲ ਦੇ ਕੰਮਾ ਦੀ ਤਾਰੀਫ ਕੀਤੀ ਸਕੂਲ ਦੇ ਮੁੱਖ ਅਧਿਆਪਕ ਸੀਮਾ ਅਰੋੜਾ ਨੇ ਆਏ ਹੋਏ ਸਾਰੇ ਮਹਿਮਾਨਾ ਦਾ ਸਵਾਗਤ ਕੀਤਾ ਉਤਸਵ ਵਿੱਚ ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਦੇ ਪਦਾਧਿਕਾਰੀ ਡਾਲੀ ਭਾਟਿਆ, ਜਿਲਾ ਲਾਇਬ੍ਰੇਰਿਅਨ ਡਾ. ਪ੍ਰਭਜੋਤ ਕੌਰ, ਸੀਮਾ ਸ਼ਰਮਾ, ਇੰਦਰਾ ਧਵਨ, ਸੋਨਿਆ ਚੌਹਾਨ, ਵੀਨਾ ਮਹਾਜਨ, ਡਾ. ਇੰਦੂ ਵਰਮਾ, ਸਨੇਹ ਅਰੋੜਾ, ਨਿਰਮਲ ਗੁਪਤਾ ਨੇ ਗਰੀਬਾਂ ਨੂੰ ਸਿੱਖਿਆ ਦੇਣ ਦਾ ਸੰਕਲਪ ਲਿਆ। ਸਕੂਲ ਦੇ ਸਟਾਫ ਮੈਂਬਰ ਇੰਦਰਜੀਤ ਕੌਰ, ਰਿਚਾ ਸ਼ੁਕਲਾ, ਦਵਿੰਦਰ ਕੌਰ, ਸਰਬਜੀਤ ਕੌਰ, ਮਨਪ੍ਰੀਤ ਕੌਰ, ਗੀਤਿਕਾ, ਕੋਮਲਪ੍ਰੀਤ ਕੌਰ, ਪ੍ਰਭਜੀਤ ਕੌਰ, ਜੋਤੀ, ਅਮਰਪ੍ਰੀਤ ਕੌਰ, ਸੰਦੀਪ, ਗੋਰੀ, ਅਮਨਦੀਪ ਕੌਰ, ਰਾਣੀ ਅਤੇ ਚਰਨਜੀਤ ਨੇ ਇਸ ਵਿਧਾ ਮੰਦਰ ਨੂੰ ਹੋਰ ਜਿਆਦਾ ਉਜਵਲ ਬਨਾਉਣ ਦਾ ਪ੍ਰਣ ਕੀਤਾ ਅਤੇ ਸ. ਅਜੀਤ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾ ਦਾ ਧੰਨਵਾਦ ਕੀਤਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 255 ਲੋੜਵੰਦ ਲੋਕਾਂ ਨੂੰ ਦਿੱਤੀ ਮਹੀਨਾਵਾਰ ਸਹਾਇਤਾ ਰਾਸ਼ੀ

ਪੰਜਾਬ ਦਾ ਖੁਲਾਸਾ



**ਸ੍ਰੀ ਮੁਕਤਸਰ ਸਾਹਿਬ, 23 ਨਵੰਬਰ (ਮਨਪ੍ਰੀਤ ਮੋਨੂੰ )** ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ ਜੱਸਾ ਸਿੰਘ ਸੰਧੂ ਕੋਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 255 ਲੋੜਵੰਦ ਲੋਕਾਂ ਨੂੰ ਸ ਅਵਤਾਰ ਸਿੰਘ ਵਣਵਾਲਾ ਸਾਬਕਾ ਓ ਐਸ ਡੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਤਕਸੀਮ ਕੀਤੇ ਗਏ ਅਤੇ ਓ ਐਸ ਡੀ ਸਾਹਿਬ ਵੱਲੋਂ ਡਾਕਟਰ ਐਸ ਪੀ ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ, ਬਜ਼ੁਰਗ, ਬੇਸਹਾਰਾ ਹਨ ਅਤੇ ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾਕਟਰ ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾਕਟਰ ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਸਮਰੱਥ ਹੋਏ ਹਾਂ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਮਾਲਵਾ ਖੇਤਰ ਨੇ ਕਿਹਾ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ ਇਹ ਰਾਸ਼ੀ ਡਾਕਟਰ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿਤੀ ਜਾਂਦੀ ਹੈ।ਇਸ ਮੌਕੇ ਜਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਰਿਟਾ ਲੈਕਚਰਾਰ,ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ ਸਕੱਤਰ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਮੀਤ ਪ੍ਰਧਾਨ ਰਿਟਾਇਰਡ ਬੈਂਕ ਮੈਨੇਜਰ, ਜਤਿੰਦਰ ਸਿੰਘ ਕੈਂਥ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾਇਰਡ ਏ ਐਸ ਆਈ, ਗੁਰਚਰਨ ਸਿੰਘ ਭੋਣ, ਗੁਰਜੀਤ ਸਿੰਘ ਜੀਤਾ , ਜਸਵਿੰਦਰ ਸਿੰਘ ਮਣਕੂ ਆਦਿ ਹਾਜ਼ਰ ਸਨ।

# ਜਬਰ ਦਾ ਰਾਹ ਛੱਡ ਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨੇ ਸਰਕਾਰ ( ਡੀ ਟੀ ਐੱਫ ਨਿਹਾਲ ਸਿੰਘ ਵਾਲਾ)

ਪੰਜਾਬ ਦਾ ਖੁਲਾਸਾ



**ਮੋਗਾ,23 ਨਵੰਬਰ ( ਪ ਪ)**-- ਭਾਰਤ ਅਤੇ ਪੰਜਾਬ ਦੀ ਹਕੂਮਤ ਵੱਲੋਂ ਕਾਰਪਰੇਟਾਂ ਨੂੰ ਕੌਡੀਆਂ ਦੇ ਭਾਅ ਜਮੀਨਾਂ ਅਤੇ ਸਰਕਾਰੀ ਅਦਾਰੇ ਵੇਚਣ ਦੀ ਖੁੱਲ੍ਹ ਦਿੱਤੀ ਹੋਈ ਹੈ, ਜਿਸ ਦੇ ਤਹਿਤ ਕਿਸਾਨਾਂ ਵੱਲੋਂ ਜਮੀਨ ਦਾ ਉਚਿਤ ਭਾਅ ਲੈਣ ਲਈ ਚੱਲ ਰਹੇ ਮੋਰਚਿਆਂ ਨੂੰ ਉਖਾੜਕੇ ਅਤੇ ਕਿਸਾਨਾਂ ਦੀ ਗ੍ਰਿਫਤਾਰੀ ਕਰਕੇ ਜਬਰੀ ਉਹਨਾਂ ਦੀਆਂ ਜਮੀਨਾਂ ਵਾਹ ਦਿੱਤੀਆਂ ਗਈਆਂ। ਬਠਿੰਡਾ ਜ਼ਿਲੇ ਦੇ ਸੰਗਤ ਬਲਾਕ ਦੇ ਦੋ ਪਿੰਡਾਂ ਦੁੱਨੇਕੇ ਅਤੇ ਸ਼ੇਰਗੜ੍ਹ ਵਿਖੇ ਜਮੀਨਾਂ ਤੇ ਜਬਰੀ ਕਬਜ਼ੇ ਨੂੰ ਰੋਕਣ ਲਈ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਅਗਵਾਈ ਵਿੱਚ ਜਮੀਨਾਂ ਬਚਾਉਣ ਲਈ ਜਾ ਰਹੇ ਲੋਕਾਂ ਤੇ ਅੰਨੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ ।ਇਸ ਦੀ ਡੈਮੋਕਰੈਟਿਕ ਅਧਿਆਪਕ ਫਰੰਟ ਬਲਾਕ ਨਿਹਾਲ ਸਿੰਘ ਵਾਲ਼ਾ ਵੱਲੋਂ ਜੋਰਦਾਰ ਨਿਖੇਧੀ ਕੀਤੀ ਜਾਂਦੀ ਹੈ ਅਤੇ ਮੰਗ ਕੀਤੀ ਜਾਂਦੀ ਹੈ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨੀਆ ਜਾਣ, ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਜਮੀਨਾਂ ਦਵਾਉਣੀਆਂ ਬੰਦ ਕੀਤੀਆਂ ਜਾਣ ਅਤੇ ਜਬਰ ਕਰਨਾ ਬੰਦ ਕੀਤਾ ਜਾਵੇ। ਉਕਤ ਵਿਚਾਰ ਡੀ ਟੀ ਐੱਫ ਨਿਹਾਲ ਸਿੰਘ ਵਾਲ਼ਾ ਦੇ ਪ੍ਰਧਾਨ ਅਮਨਦੀਪ ਸਿੰਘ ਮਾਛੀਕੇ, ਸਕੱਤਰ ਗੁਰਮੀਤ ਸਿੰਘ ਝੋਰੜਾਂ ਅਤੇ ਵਿੱਤ ਸਕੱਤਰ ਜਸਵੀਰ ਸਿੰਘ ਸੈਦੋਕੇ ਵੱਲੋਂ ਪੇਸ਼ ਕੀਤੇ ਗਏ ।ਇਸ ਸਮੇਂ ਬਲਾਕ ਨਿਹਾਲ ਸਿੰਘ ਵਾਲ਼ਾ ਦੇ ਮੀਤ ਪ੍ਰਧਾਨ ਸੁਖਜੀਤ ਕੁੱਸਾ, ਸੁਖਮੰਦਰ ਨਿਹਾਲ ਸਿੰਘ ਵਾਲ਼ਾ, ਕਮੇਟੀ ਮੈਂਬਰ ਕੁਲਵਿੰਦਰ ਸਿੰਘ ਚੁੱਘਾ ਅਤੇ ਨਵਦੀਪ ਸਿੰਘ ਧੂੜਕੋਟ ਹਾਜ਼ਰ ਸਨ।

## ਵਰ੍ਹੇਗੰਢ ਦੀਆਂ ਮੁਬਾਰਕਾਂ



ਸ੍ਰ ਬਿਕਰਮਜੀਤ ਸਿੰਘ ਬਭਰਾ ਅਤੇ ਨਿਮਰਤਾ ਬਭਰਾ ਵਾਸੀ ਫਰੀਦਕੋਟ ਨੂੰ ਵਿਆਹ ਦੀ ਸਿਲਵਰ ਜੁਬਲੀ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ
ਵਲੋਂ ਗੁਰਦੀਪ ਸਿੰਘ ਢਿੱਲੋਂ ਪੱਤਰਕਾਰ ਜੈਤੋ

## ਵਰ੍ਹੇਗੰਢ ਦੀਆਂ ਮੁਬਾਰਕਾਂ



ਡਾਕਟਰ ਗੁਰਪਾਲ ਸਿੰਘ ਲੋਧੀ ਅਤੇ ਡਾਕਟਰ ਕਿਰਨਜੀਤ ਕੌਰ ਲੋਧੀ ਵਾਸੀ ਪਿੰਡ ਠੱਠੀ ਭਾਈ (ਮੋਗਾ) ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਮੁਬਾਰਕਾਂ।
ਵਲੋਂ: ਗੁਰਦੀਪ ਸਿੰਘ ਢਿੱਲੋਂ ਪੱਤਰਕਾਰ ਜੈਤੋ

# ਨਸ਼ੇ ਅਤੇ ਸਟਰੀਟ ਕ੍ਰਾਈਮ ਨੂੰ ਜੜ੍ਹ ਤੋ ਖਤਮ ਕਰਨ ਲਈ ਡੀ.ਐਸ.ਪੀ(ਫਰੀਦਕੋਟ) ਵੱਲੋਂ ਸੰਪਰਕ ਪ੍ਰੋਗਰਾਮ ਤਹਿਤ ਗੁਰੂ ਤੇਗ ਬਹਾਦਰ ਨਗਰ, ਫਰੀਦਕੋਟ ਵਿਖੇ ਕੀਤੀ ਗਈ ਪਬਲਿਕ ਮੀਟਿੰਗ

ਪੰਜਾਬ ਦਾ ਖੁਲਾਸਾ

**ਫਰੀਦਕੋਟ 23 ਨਵੰਬਰ (ਗੁਰਦੀਪ ਸਿੰਘ ਢਿੱਲੋਂ)**:- ਨਸ਼ੇ ਅਤੇ ਸਟਰੀਟ ਕ੍ਰਾਈਮ ਦੇ ਖਿਲਾਫ ਪੁਲਿਸ ਅਤੇ ਜਨਤਾ ਵਿਚਕਾਰ ਸਹਿਯੋਗ ਅਤੇ ਇਕਜੁੱਟਤਾ ਨੂੰ ਮਜ਼ਬੂਤ ਕਰਨ ਲਈ, ਪੰਜਾਬ ਪੁਲਿਸ ਵੱਲੋਂ ਸੰਪਰਕ' ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਡਾ. ਪ੍ਰਗਿਆ ਜੈਨ, ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਵਿੱਚ ਫਰੀਦਕੋਟ ਪੁਲਿਸ ਨੇ ਪਬਲਿਕ ਦੇ ਸਹਿਯੋਗ ਨੂੰ ਵਧਾਉਣ ਲਈ ਪਿੰਡਾਂ, ਸ਼ਹਿਰਾਂ ਅਤੇ ਮੁਹੱਲਿਆਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆਂ ਹੈ। ਇਸ ਯਤਨ ਦੇ ਹਿਸੇ ਵਜੋਂ, ਫਰੀਦਕੋਟ ਪੁਲਿਸ ਦੇ ਸੀਨੀਅਰ ਅਧਿਕਾਰੀ ਅਤੇ ਮੁੱਖ ਅਫਸਰ ਥਾਣਾ ਪਿੰਡਾਂ ਅਤੇ ਕਸਬਿਆਂ ਵਿੱਚ ਜਾ ਕੇ ਜਨਤਾ ਨਾਲ ਮੁਲਾਕਾਤ ਕਰਦੇ ਹਨ, ਜਿੱਥੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਹੁੰਦੀ ਹੈ। ਇਹ ਮੀਟਿੰਗਾਂ ਇਸ ਲਈ ਖ਼ਾਸ ਹਨ ਕਿਉਂਕਿ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਨੂੰ ਸੁਣਨ ਅਤੇ ਤੁਰੰਤ ਹੱਲ ਦੇਣ ਲਈ ਲੋੜੀਂਦੇ ਕਦਮ ਚੁੱਕੇ ਜਾਂਦੇ ਹਨ।

ਜਿਸ ਦੀ ਲੜੀ ਨੂੰ ਅੱਗੇ ਵਧਾਉਦਿਆ ਸ਼੍ਰੀ ਤਰਲੋਚਨ ਸਿੰਘ ਡੀ.ਐਸ.ਪੀ (ਫਰੀਦਕੋਟ) ਜੀ ਦੇ ਨੇਤਰਤਵ ਹੇਠ ਗੁਰੂ ਤੇਗ



ਬਹਾਦਰ ਨਗਰ, ਫਰੀਦਕੋਟ ਵਿਖੇ ਇੱਕ ਵਿਸ਼ੇਸ਼ ਪਬਲਿਕ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦਾ ਮੱਖ ਮਕਸਦ ਪਬਲਿਕ ਨੂੰ ਆਪਣੇ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਬੇਝਿਜਕ ਪੁਲਿਸ ਦੇ ਸਾਹਮਣੇ ਪੇਸ਼ ਕਰਨ ਲਈ ਇੱਕ ਸੁਗਮ ਮੰਚ ਪ੍ਰਦਾਨ ਕਰਨਾ ਹੈ। ਮੀਟਿੰਗ ਦੌਰਾਨ, ਵੱਡੀ ਗਿਣਤੀ ਵਿਚ ਮੌਜੂਦ ਲੋਕਾਂ ਨੇ ਆਪਣੀਆਂ ਮੁੱਖ ਸਮੱਸਿਆਵਾਂ ਅਤੇ ਮੁੱਦਿਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਪੁਲਿਸ ਪ੍ਰਸ਼ਾਸ਼ਨ ਵੱਲੋਂ ਪਬਲਿਕ ਨੂੰ ਭਰੋਸਾ ਦਵਾਇਆ ਕਿ ਉਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਕਦਮ ਚੁੱਕੇ ਜਾਣਗੇ। ਇਸ ਨਾਲ ਨਾ ਸਿਰਫ ਕ੍ਰਾਈਮ ਦੇ ਖਿਲਾਫ ਇੱਕਜੁੱਟ ਹੋਣ ਵਿੱਚ ਮਦਦ ਮਿਲਦੀ ਹੈ, ਬਲਕਿ ਪੁਲਿਸ ਪ੍ਰਸ਼ਾਸਨ ਤੇ ਲੋਕਾਂ ਦੇ ਵਿਚਕਾਰ ਭਰੋਸਾ ਹੋਰ ਮਜ਼ਬੂਤ ਹੋ ਰਿਹਾ ਹੈ। ਇਹ ਮੀਟਿੰਗ ਕਮਿਊਨਟੀ ਦੇ ਭਰੋਸੇ ਨੂੰ ਵਧਾਉਣ ਲਈ ਇੱਕ ਮਜ਼ਬੂਤ ਕਦਮ ਸਾਬਿਤ ਹੋਈ, ਜਿਸ ਨਾਲ ਪੁਲਿਸ ਅਤੇ ਪਬਲਿਕ ਦੇ ਵਿਚਕਾਰ ਸਹਿਯੋਗ ਹੋਰ ਮਜਬੂਤ ਹੋਇਆਂ। ਇਸ ਕਦਮ ਦੀ ਮੁੱਖ ਖਾਸੀਅਤ ਇਹ ਰਹੀ ਕਿ ਇਸ ਮੀਟਿੰਗ ਵਿੱਚ ਨੌਜਵਾਨਾਂ ਵੱਲੋਂ ਵਿਸ਼ੇਸ਼ ਤੌਰ ਤੇ ਭਾਗੀਦਾਰੀ ਕੀਤੀ ਗਈ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਇਸ ਉਪਰਾਲੇ ਦੀ ਸਲਾਘਾ ਵੀ ਕੀਤੀ ਗਈ।

# ਬੀ.ਐੱਲ.ਓਜ਼. ਨੇ ਪਿੰਡਾਂ 'ਚ ਪਿਲੰਗ ਸਟੇਸ਼ਨਾਂ 'ਤੇ ਵੋਟਾਂ ਦੀ ਸੁਧਾਈ ਲਈ ਸਪੈਸ਼ਲ ਕੈਂਪ ਲਗਾਏ

ਪੰਜਾਬ ਦਾ ਖੁਲਾਸਾ



**ਨੂਰਪੁਰਬੇਦੀ, 23 ਨਵੰਬਰ (ਦਲਜੀਤ ਚਨੌਲੀ)**-ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਅੱਜ ਵੱਖ-ਵੱਖ ਪਿਲੰਗ ਬੂਥਾਂ ਦੇ ਬੀ.ਐੱਲ.ਓਜ਼. ਨੇ ਪਿੰਡਾਂ 'ਚ ਪਹੁੰਚ ਕੇ ਪਿਲੰਗ ਬੂਥਾਂ 'ਤੇ ਵੋਟਾਂ ਦੀ ਸੁਧਾਈ ਸਬੰਧੀ ਸਪੈਸ਼ਲ ਕੈਂਪ ਲਗਾਇਆ।

ਉਕਤ ਕੈਂਪਾਂ ਦੌਰਾਨ ਸਬੰਧਿਤ ਬੀ.ਐੱਲ.ਓਜ਼. ਨੇ ਸਵੇਰੇ 10 ਵਜੇ ਤੋਂ ਸ਼ਾਮੀਂ 5 ਵਜੇ ਤੱਕ ਉਕਤ ਕੰਮ ਨੇਪਰੇ ਚਾੜ੍ਹਿਆ । ਇਸ ਦੌਰਾਨ ਪਿਲੰਗ ਸਟੇਸ਼ਨਾਂ 'ਤੇ ਪਹੁੰਚੇ ਨਾਗਰਿਕਾਂ ਨੂੰ ਬੀ.ਐੱਲ.ਓਜ਼. ਨੇ ਦੱਸਿਆ ਕਿ ਯੋਗ ਨਾਗਰਿਕ ਜਿਨ੍ਹਾਂ ਦੀ ਉਮਰ 1 ਜਨਵਰੀ 2025 ਨੂੰ 18 ਸਾਲ ਜਾਂ ਉਸ ਤੋਂ ਵੱਧ ਹੋਵੇਗੀ ਉਹ ਇਸ ਦੌਰਾਨ ਆਪਣੇ ਫਾਰਮ ਆਨਲਾਈਨ ਅਪਲਾਈ ਕਰ ਸਕਦਾ ਹੈ ਜਾਂ ਫਿਰ ਮੋਬਾਇਲ ਐਪ, ਵੋਟਰ ਹੈੱਲਪਲਾਈਨ ਰਾਹੀਂ ਅਤੇ ਆਫਲਾਈਨ ਆਪਣੇ ਸਬੰਧਿਤ ਬੀ.ਐੱਲ.ਓ. ਕੋਲ ਵੀ ਫਾਰਮ ਨੰਬਰ 6 ਭਰ ਕੇ ਜਮ੍ਹਾਂ ਕਰਵਾ ਸਕਦਾ ਹੈ ? ਜ਼ਿਕਰਯੋਗ ਹੈ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ 1 ਜਨਵਰੀ 2025 ਦੇ ਆਧਾਰ 'ਤੇ 29 ਅਕਤੂਬਰ 2024 ਤੋਂ 28 ਨਵੰਬਰ 2024 ਤੱਕ ਵੋਟਰ ਸੂਚੀਆਂ ਦੀ ਸੁਧਾਈ ਦੀ ਮੁਹਿਮ ਚਲਾਈ ਜਾ ਰਹੀ ਹੈ।

ਇਸ ਤੋਂ ਇਲਾਵਾ ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ੍ਹ ਦੇ ਆਦੇਸਾਂ ਤਹਿਤ ਪਿਲੰਗ ਸਟੇਸ਼ਨਾਂ 'ਤੇ ਆਰੰਭ ਕੀਤੀ ਗਈ ਉਕਤ 2 ਰੋਜ਼ਾ ਮੁਹਿੰਮ ਤਹਿਤ ਦੂਜੇ ਦਿਨ 24 ਨਵੰਬਰ ਨੂੰ ਵੀ ਮੁੜ ਬੀ.ਐੱਲ.ਓਜ਼. ਵੱਲੋਂ ਸਵੇਰੇ 10 ਵਜੇ ਤੋਂ 5 ਵਜੇ ਤੱਕ ਸਪੈਸ਼ਲ ਕੈਂਪ ਲਗਾਏ ਜਾਣਗੇ। ਜਿਸ ਵਿਚ ਉਨ੍ਹਾਂ ਵੱਲੋਂ ਨਵੀਂ ਵੋਟ ਬਣਾਉਣ, ਵੋਟ ਕਟਵਾਉਣ, ਵੇਰਵਿਆਂ ਦੀ ਦਰੁੱਸਤੀ, ਰਿਹਾਇਸ਼ 'ਚ ਤਬਦੀਲੀ ਅਤੇ ਡੁਪਲੀਕੇਟ ਵੋਟਰ ਕਾਰਡ ਪ੍ਰਾਪਤ ਕਰਨ ਸਬੰਧੀ ਫਾਰਮ ਹਾਸਿਲ ਕੀਤੇ ਜਾ ਸਕਣ ? ਇਸ ਦੌਰਾਨ ਸੁਪਰਵਾਈਜ਼ਰ ਰਾਜੇਸ਼ ਚੋਪੜਾ ਨੇ ਵੀ ਵੱਖ-ਵੱਖ ਪਿਲੰਗ ਸਟੇਸ਼ਨਾਂ 'ਤੇ ਪਹੁੰਚ ਕੇ ਬੀ.ਐੱਲ.ਓਜ਼. ਦੇ ਕੰਮ ਦਾ ਨਿਰੀਖਣ ਕੀਤਾ। ਇਸ ਦੌਰਾਨ ਅੱਜ ਅਮਰਜੀਤ ਸਿੰਘ, ਮੁਕੇਸ਼ ਭੰਡਾਰੀ, ਦਵਿੰਦਰ ਕੁਮਾਰ, ਰਾਜੀਵ ਲੂੰਬਾ, ਗੁਰਪ੍ਰਤਾਪ ਸਿੰਘ, ਸੁਖਵਿੰਦਰ ਸਿੰਘ, ਗੁਰਸੇਵਕ ਸਿੰਘ, ਹਰਕੇਸ਼ ਕੁਮਾਰ, ਬਖਸ਼ੀ ਰਾਮ, ਅਮਰਜੀਤ ਸੈਣੀ, ਰਾਜਨ ਸ਼ਰਮਾ, ਹਰਜਿੰਦਰ ਸਿੰਘ, ਇੰਦਰਜੀਤ ਸਿੰਘ ਤੇ ਮਹਿੰਦਰ ਸਿੰਘ ਆਦਿ ਬੀ.ਐੱਲ.ਓਜ਼. ਵੱਲੋਂ ਜੱਟਪੁਰ, ਟੇਡੇਵਾਲ, ਕਰਤਾਰਪੁਰ, ਸੈਣੀਮਾਜਰਾ, ਬਜਰੂੜ ਅਤੇ ਨੂਰਪੁਰਬੇਦੀ ਸਹਿਤ ਵੱਖ-ਵੱਖ ਪਿੰਡਾਂ 'ਚ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ ਸਪੈਸ਼ਲ ਕੈਂਪ ਲਗਾਏ ਗਏ। ਜੱਟਪੁਰ ਵਿਖੇ ਵੋਟਾਂ ਬਣਾਉਂਦੇ ਨਾਗਰਿਕ ਤੇ ਬੀ.ਐੱਲ.ਓਜ਼. ਦੇ ਕੰਮ ਦਾ ਨਿਰੀਖਣ ਕਰਦੇ ਸੁਪਰਵਾਈਜ਼ਰ ਰਾਜੇਸ਼ ਚੋਪੜਾ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ
Owner, Publisher & Printer Manpreet Singh Printed at Panjmana Art Press Near PNB Bank, Abohar Road Sri Muktsar Sahib Published from House No 236/3 Naka No 2, Darbar Sahib Sri Muktsar Sahib. Editor Manpreet Singh

# ਪਟਿਆਲਾ ਬਲਾਕ ਦੇ ਪਿੰਡ ਜਾਲਾਂ ਵਿਖੇ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਤੇ ਪ੍ਰਸ਼ਾਸਨ ਨੂੰ ਜ਼ਮੀਨ ਉੱਤੇ ਕਬਜ਼ਾ ਨਹੀਂ ਕਰਨ ਦਿੱਤਾ

ਪੰਜਾਬ ਦਾ ਖੁਲਾਸਾ

**ਪਟਿਆਲਾ 23ਨਵੰਬਰ (ਗੁਰਪ੍ਰੀਤ ਸਿੰਘ ਬਰਸਟ)** ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਅਧਿਕਾਰੀਆਂ ਤੇ ਪ੍ਰਸ਼ਾਸਨ ਤੇ ਦੋਸ਼ ਲਾਇਆ ਹੈ ਕਿ ਜੋ ਜ਼ਮੀਨ ਕਿਸਾਨਾਂ ਤੋਂ ਖੋਹੀ ਜਾ ਰਹੀ ਹੈ ਉਸ ਦਾ ਬਣਦਾ ਮੁਆਵਜਾ (ਪੈਸੇ) ਸਰਕਾਰ ਵੱਲੋਂ ਨਹੀਂ ਦਿੱਤੇ ਜਾ ਰਹੇ।ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕੀਤਾ । ਸਰਕਾਰ ਕਿਸਾਨਾ ਤੋਂ ਜ਼ਮੀਨਾ ਖੋ ਕੇ ਕਾਰਪੋਰੇਟ ਘਰਾਣਿਆਂ ਨੂੰ ਸਸਤੇ ਭਾਅ ਤੇ ਦੇਣ ਜਾ ਰਹੀ ਹੈ ਜੇ ਵਰਤਾਰਾ ਇਸ ਤਰ੍ਹਾਂ ਹੀ ਜਾਰੀ ਰਿਹਾ ਤਾਂ ਇੱਕ ਦਿਨ ਕਿਸਾਨ ਭੀ ਮਜ਼ਦੂਰਾਂ ਦੀ ਲਾਈਨ ਲੱਗ ਜਾਣਗੇ ਅਤੇ ਪੰਜਾਬ ਵਿੱਚ ਬੇਰੋਜ਼ਗਾਰੀ,ਗਰੀਬੀ ਤੇ ਭੁੱਖ ਮਰੀ ਫੈਲ ਜਾਵੇਗੀ। ਸਰਕਾਰ ਨੂੰ ਕਿਸਾਨਾ ਵੱਲੋ ਅਪੀਲ ਹੈ ਕਿ ਪਹਿਲਾਂ ਸਾਰੇ ਕਿਸਾਨਾਂ ਨੂੰ ਬਣਦਾ ਮੁਆਵਜਾ ਦੇਵੇ ਫਿਰ ਕਬਜ਼ਾ ਲਵੇ, ਜੇ ਸਰਕਾਰ ਮੁਆਵਜਾ ਨਾ ਦੇ ਕੇ ਧੱਕੇ ਨਾਲ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਸਮੂਹ ਕਿਸਾਨਾਂ ਅਤੇ ਕਿਸਾਨ ਜੱਥੇਬੰਦੀਆਂ ਵੱਲੋਂ ਸਰਕਾਰ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਨੈਸ਼ਨਲ ਹਾਈਵੇ ਵਾਲਿਆਂ ਨੂੰ ਖੇਤਾਂ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਕਿਸਾਨਾ ਨੂੰ ਰਣਜੀਤ ਸਿੰਘ ਸਵਾਜਪੁਰ ਜ਼ਿਲ੍ਹਾ ਪ੍ਰਧਾਨ ਬੀ ਕੇ ਯੂ ਕ੍ਰਾਂਤੀਕਾਰੀ, ਸਤਵੰਤ ਸਿੰਘ ਵਜੀਦਪੁਰ ਸੂਬਾ ਆਗੂ, ਜਗਤਾਰ ਸਿੰਘ ਬਰਸਟ ਬਲਾਕ ਪ੍ਰਧਾਨ ਪਟਿਆਲ਼ਾ ਪਵਨ ਕੁਮਾਰ ਪਸਿਆਣਾ ਗੁਰਚਰਨ ਸਿੰਘ ਮੈਣ ਸੇਵਕ ਸਿੰਘ ਮੈਣ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਹਰਜਿੰਦਰ ਸਿੰਘ ਗੱਜੂ ਮਾਜਰਾ, ਰਜਿੰਦਰ ਸਿੰਘ, ਪ੍ਰਗਟ ਸਿੰਘ, ਜਗਵੰਤ ਸਿੰਘ, ਬਲਜੀਤ ਸਿੰਘ , ਗੁਰਪ੍ਰੀਤ ਸਿੰਘ ਸਾਬਕਾ ਸਰਪੰਚ ਜਾਲਾਂ, ਜਗਦੀਪ ਸਿੰਘ ਛੰਨਾਂ ਆਦਿ ਆਗੂਆਂ ਨੇ ਸੰਬੋਧਨ ਕੀਤਾ।



# ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਵੱਲੋਂ ਸੁਖਮੀਤ ਕੌਰ ਬਰਾੜ ਨੂੰ ਦਿੱਤਾ ਲੋਕ ਸਾਹਿਤ ਖੋਜ ਸਨਮਾਨ : ਜਸਵੀਰ ਸ਼ਰਮਾ ਦੱਦਾਹੂਰ

ਪੰਜਾਬ ਦਾ ਖੁਲਾਸਾ

**ਸ਼੍ਰੀ ਮੁਕਤਸਰ ਸਾਹਿਬ, 23 ਨਵੰਬਰ ( ਮਨਪ੍ਰੀਤ ਮੋਨੂੰ )** ਜ਼ਿਲ੍ਹਾ ਲਿਖਾਰੀ ਸਭਾ (ਰਜਿ.) ਰੂਪਨਗਰ ਵੱਲੋਂ ਵੱਖ ਵੱਖ ਉੱਘੀਆਂ ਸਖ਼ਸ਼ੀਅਤਾਂ ਦਾ ਸਨਮਾਨ ਕੀਤਾ ਗਿਆ ਜਿਸ ਵਿੱਚ ਉਹਨਾਂ ਦੀਆਂ ਪ੍ਰਾਪਤੀਆਂ ਉੱਪਰ ਅਧਾਰਿਤ ਸਨਮਾਨ ਪੱਤਰ ਅਤੇ ਦੁਸ਼ਾਲੇ ਭੇਂਟ ਕੀਤੇ ਗਏ। ਇਹ ਸਨਮਾਨ ਸਮਾਰੋਹ ਡਾ. ਦੇਵਿੰਦਰ ਸੈਫ਼ੀ ਦੀ ਨਵੀਂ ਪੁਸਤਕ "ਮੁਹੱਬਤ ਨੇ ਕਿਹਾ" ਉੱਪਰ ਕੀਤੀ ਗਈ ਵਿਸ਼ਾਲ ਗੋਸ਼ਟੀ ਦੌਰਾਨ ਪ੍ਰਦਾਨ ਕੀਤੇ ਗਏ। ਇਸ ਮੌਕੇ ਸਾਹਿਤ, ਸਭਿਆਚਾਰ, ਖੋਜ, ਸਿੱਖਿਆ ਅਤੇ ਕਾਨੂੰਨੀ ਸੇਵਾਵਾਂ ਨਾਲ ਸਬੰਧ ਰੱਖਣ ਵਾਲੀਆਂ ਸ਼ਖ਼ਸੀਅਤਾਂ ਡਾ.ਸ਼ਿੰਦਰਪਾਲ ਸਿੰਘ, ਡਿਸਟਕ ਅਟਾਰਨੀ ਦਵਿੰਦਰ ਕੁਮਾਰ, ਬਾਰ ਕਾਊਂਸਿਲ ਦੇ ਪ੍ਰਧਾਨ ਮਨਦੀਪ ਮੌਦਗਿਲ, ਡਾ.ਹਰਜਿੰਦਰ ਸਿੰਘ ਦਿਲਗੀਰ, ਡਾ.ਸੁਖਚੈਨ ਸਿੰਘ ਬਰਾੜ, ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ, ਪ੍ਰੋਫ਼ੈਸਰ ਨਿਰਮਲ ਬਰਾੜ, ਕਹਾਣੀਕਾਰ ਯਤਿੰਦਰ ਕੌਰ ਮਾਹਲ, ਦਲਜਿੰਦਰ ਰਹਿਲ( ਇਟਲੀ ), ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜ਼ਿਲ੍ਹਾ ਇੰਚਾਰਜ ਬਿਕਰਮ ਸਿੰਘ, ਉੱਘੇ ਗਾਇਕ ਸੁਖਵਿੰਦਰ ਸਾਰੰਗ ਤੇ ਵੱਖ ਵੱਖ ਸਭਾਵਾਂ ਦੇ ਮੈਂਬਰਾਨ ਇਕੱਤਰ ਸਨ।ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਦੇ ਪ੍ਰਧਾਨ ਐਡਵੋਕੇਟ ਸੁਰੇਸ਼ ਕੁਮਾਰ ਭਿਉਰਾ ਅਤੇ ਸਕੱਤਰ ਸੁਰਜਨ ਸਿੰਘ ਨੇ ਇਸ ਸਨਮਾਨ ਬਾਰੇ ਬੋਲਦਿਆਂ ਕਿਹਾ ਕਿ ਸੁਖਮੀਤ ਕੌਰ ਬਰਾੜ ਨੇ ਆਪਣੀ ਪੁਸਤਕ "ਸੂਹੇ ਬੋਲ ਪੰਜਾਬ ਦੇ -ਸੁਹਾਗ ਤੇ ਘੋੜੀਆਂ" ਰਾਹੀਂ ਲੋਕ ਸਾਹਿਤ ਦੇ ਵੱਖ ਵੱਖ ਰੂਪਾਂ ਨੂੰ ਲੱਭਣ, ਇਕੱਤਰ ਕਰਨ, ਸਾਂਭਣ ਤੇ ਫਿਰ ਪ੍ਰਕਾਸ਼ਨਾ ਤੀਕ ਲੈ ਕੇ ਆਉਣ ਦਾ ਮਹੱਤਵਪੂਰਨ ਕਾਰਜ ਕੀਤਾ ਹੈ।ਇਹ ਪ੍ਰਕਿਰਿਆ ਆਪਣੇ ਆਪ ਵਿੱਚ ਉਚੇਰੇ ਅਰਥ ਰੱਖਦੀ ਹੈ।ਸੁਹਾਗ, ਘੋੜੀਆਂ ਅਤੇ ਦੋਹਾਂ ਪਾਸਿਆਂ ਦੀਆਂ ਸਾਂਝੀਆਂ ਰਸਮਾਂ ਅਧਾਰਿਤ ਲੋਕਗੀਤਾਂ ਦਾ ਬਹੁਮੁੱਲਾ ਲੋਕਧਨ ਸੰਭਾਲ ਕੇ ਪੰਜਾਬੀ ਬੋਲੀ ਦੀ ਵੱਡੀ ਸੇਵਾ ਕੀਤੀ ਹੈ। ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਨੇ ਉਹਨਾਂ ਦੀ ਕਿਤਾਬ "ਸੂਹੇ ਬੋਲ ਪੰਜਾਬ ਦੇ -ਸੁਹਾਗ ਤੇ ਘੋੜੀਆਂ" ਪੜ੍ਹ ਕੇ ਫ਼ੈਸਲਾ ਕੀਤਾ ਸੀ ਕਿ ਇਸ ਖੋਜਕਰਤਾ ਤੱਕ ਸੰਪਰਕ ਕੀਤਾ ਜਾਵੇ ਜਿੰਨ੍ਹਾਂ ਨੇ ਮਾਲਵੇ ਦੇ ਸਾਹਿਤ ਨੂੰ ਬਹੁਤ ਸੁੰਦਰ ਢੰਗ ਨਾਲ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਸਾਂਭਿਆ ਹੈ। ਇਸ ਮੌਕੇ ਸੁਖਮੀਤ ਕੌਰ ਬਰਾੜ ਨੇ ਆਪਣੀ ਖੋਜ ਦੇ ਨਮੂਨਿਆਂ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਦੱਸਦਿਆਂ ਕਿਹਾ ਕਿ ਉਹ ਅੱਗੇ ਲਈ ਵੀ ਸੱਭਿਆਚਾਰ ਦੇ ਇਸ ਕਾਰਜ ਨੂੰ ਸਮਰਪਿਤ ਰਹੇਗੀ । ਇਸ ਮੌਕੇ ਉਸਨੇ ਕੁੱਝ ਵੰਨਗੀਆਂ ਗਾ ਕੇ ਸੁਣਾਈਆ। ਪ੍ਰਧਾਨਗੀ ਮੰਡਲ ਵਿੱਚ ਸ਼ਸ਼ੋਭਿਤ ਵਿਦਵਾਨਾਂ ਨੇ ਸੁਖਮੀਤ ਕੌਰ ਬਰਾੜ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਕਾਰਜ ਵਿੱਚ ਅਸੀਂ ਹਰ ਪੱਖ ਤੋਂ ਸਹਿਯੋਗ ਦੇਣ ਨੂੰ ਤੱਤਪਰ ਰਹਾਂਗੇ। ਡਾ. ਦੇਵਿੰਦਰ ਸੈਫ਼ੀ ਨੇ ਇਸ ਕਾਰਜ ਦੀ ਪ੍ਰਕਿਰਿਆ ਅਤੇ ਅਹਿਮੀਅਤ ਬਾਰੇ ਦੱਸਦਿਆਂ ਸੁਖਮੀਤ ਦੇ ਅਗਲੇ ਕਾਰਜਾਂ ਪ੍ਰਤੀ ਆਸ ਪ੍ਰਗਟ ਕਰਦਿਆਂ ਸ਼ੁੱਭ ਕਾਮਨਾਵਾਂ ਭੇਂਟ ਕਰਦਿਆਂ ਕਿਹਾ ਕਿ " ਮੁਹੱਬਤ ਨੇ ਕਿਹਾ" ਪੁਸਤਕ ਦੀ ਗੋਸ਼ਟੀ ਦੇ ਮੌਕੇ ਸੁਖਮੀਤ ਅਤੇ ਸੁਖਵਿੰਦਰ ਸਾਰੰਗ ਦੇ ਵਿਸ਼ੇਸ਼ ਸਨਮਾਨ ਦਾ ਫ਼ੈਸਲਾ ਕਰਕੇ ਲਿਖਾਰੀ ਸਭਾ ਰੂਪਨਗਰ ਨੇ ਲੋਕਧਾਰਾ ਅਤੇ ਸਾਹਿਤਕ ਗਾਇਕੀ ਪ੍ਰਤੀ ਆਪਣੀ ਸੁਹਿਰਦ ਜ਼ਿੰਮੇਵਾਰੀ ਨਿਭਾਈ ਹੈ। ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਸੁਖਮੀਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹੋ ਜਿਹੀਆਂ ਵੰਨਗੀਆਂ ਪੁਰਾਤਨ ਪੰਜਾਬੀ ਸੱਭਿਆਚਾਰ ਨੂੰ ਸੰਭਾਲੀ ਰੱਖਣ ਲਈ ਮੀਲ ਪੱਥਰ ਸਥਾਪਿਤ ਹੋਣਗੀਆਂ, ਜੋ ਅਜੋਕੀ ਪੀੜ੍ਹੀ ਨੂੰ ਵਿਰਸੇ ਦੀ ਸਦਾ ਯਾਦ ਦਿਵਾਉਂਦੀਆਂ ਰਹਿਣਗੀਆਂ।





# ਅਜੀਮਗੜ੍ਹ ਦੀ ਢਾਣੀ ਘੋੜੇਲਾ, ਅਬੋਹਰ ਵਿਖੇ ਅਚਾਨਕ ਝੋਨੇ ਦੀ ਪਰਾਲੀ ਨੂੰ ਲੱਗੀ ਅੱਗ

ਪੰਜਾਬ ਦਾ ਖੁਲਾਸਾ

ਪੱਟੀ ਸਦੀਕ, 23 ਨਵੰਬਰ (ਬਲਕਰਨ ਸਿੰਘ ਮਸ਼ਾਲ)- ਬੀਤੇ ਦਿਨੀਂ ਅਜੀਮਗੜ ਦੀ ਢਾਣੀ ਘੋੜੇਲਾ, ਅਬੋਹਰ ਵਿਖੇ ਅਚਾਨਕ ਝੋਨੇ ਦੀ ਪਰਾਲੀ ਨੂੰ ਅੱਗ ਲੱਗ ਗਈ। ਸ਼੍ਰੀ ਲਾਲ ਚੰਦ ਨੇ ਕਿਹਾ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਪੈਲ਼ੀ ਮੈਂ ਠੇਕੇ ਤੇ ਲਈ ਹੋਈ ਸੀ। ਇਸ ਪਰਾਲ਼ੀ ਦੀਆਂ ਗੱਠਾਂ ਬਣਾਉਣ ਲਈ ਵਾਣ ਖ਼ਾਲੀ ਰੱਖਿਆ ਗਿਆ ਸੀ। ਕਾਫ਼ੀ ਮਿਹਨਤ ਵੀ ਲੱਗੀ ਸੀ 'ਤੇ 900 ਰੁਪਏ ਪ੍ਰਤੀ ਕਿੱਲਾ ਪਰਾਲ਼ੀ ਨੂੰ ਸਵਾਰਣ ਲਈ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਚਾਨਕ ਮੇਰੇ ਖੇਤਾਂ ਦੇ ਵਿੱਚ ਅੱਗ ਲੱਗ ਗਈ।

ਜਿਸ ਕਾਰਨ ਕਾਫ਼ੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਉਸ ਮੌਕੇ 'ਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਆ ਕੇ ਅੱਗ ਨੂੰ ਕਾਬੂ ਪਾਇਆ ਨਹੀਂ ਤਾਂ ਹੋਰ ਵੀ ਨੁਕਸਾਨ ਹੋ ਸਕਦਾ ਸੀ।

# ਸ੍ਰੀ ਮਦ ਭਾਗਵਤ ਕਥਾ ਗਿਆਨ ਯੱਗ ਮੌਕੇ ਕੱਢੀ ਕਲਸ਼ ਯਾਤਰਾ

ਪੰਜਾਬ ਦਾ ਖੁਲਾਸਾ

ਘਨੌਰ 23 ਨਵੰਬਰ (ਅਭਿਸ਼ੇਕ ਸੂਦ) :ਪੰਚਾਇਤੀ ਸ਼ਿਵ ਮੰਦਰ ਸੋਗਲਪੁਰ ਦੇ ਪ੍ਰਬੰਧਕਾਂ ਵੱਲੋਂ ਕਰਵਾਏ ਜਾ ਰਹੇ ਸ੍ਰੀਮਦ ਭਗਵਤ ਕਥਾ ਗਿਆਨ ਯੱਗ ਸਮਾਗਮ ਦੀ ਸ਼ੁਰੂਆਤ ਵਜੋਂ ਕਥਾ ਵਾਚਕ ਅਚਾਰਿਆ ਸ੍ਰੀ ਮਹੰਤ ਸੂਰਜ ਗਿਰੀ ਤੇ ਮਹੰਤ ਵਾਸੂਦੇਵਾ ਨੰਦ ਸਰਸਵਤੀ ਦੀ ਰਹਿਨੁਮਾਈ ਹੇਠ ਸੋਗਲਪੁਰ, ਸੋਨੇਮਾਜਰਾ, ਉਲਾਣਾ, ਕਾਮੀ ਕਲਾਂ ਪਿੰਡਾਂ ਵਿੱਚ ਕਲਸ਼ ਯਾਤਰਾ ਕੱਢੀ ਗਈ । ਇਸ ਨੂੰ ਮੰਦਰ ਦੇ ਮੁੱਖ ਸੇਵਾਦਾਰ ਮਹੰਤ ਵਾਸੂਦੇਵਾ ਨੰਦ ਸਰਸਵਤੀ ਨੇ ਹਰੀ ਝੰਡੀ ਦੇ ਕੇ ਮੰਦਰ ਤੋਂ ਰਵਾਨਾ ਕੀਤਾ । ਇਸ ਯਾਤਰਾ ਵਿੱਚ ਸ਼ਾਮਲ ਹੋਈਆਂ ਵੱਡੀ ਗਿਣਤੀ ਸ਼ਰਧਾਲੂ ਔਰਤਾਂ ਨੇ ਆਪਣੇ ਸਿਰਾਂ 'ਤੇ ਪ੍ਰਭਾਵਸ਼ਾਲੀ ਕਲਸ਼ ਚੁੱਕੇ ਹੋਏ ਸਨ । ਇਸ ਦੌਰਾਨ ਪਿੰਡ ਵਾਸੀਆਂ ਅਤੇ ਸ਼ਹਿਰ ਵਾਸੀਆਂ ਨੇ ਭਰਵਾਂ ਸਹਿਯੋਗ ਦਿੱਤਾ । ਮਿਤੀ 24ਨਵੰਬਰ ਤੋਂ ਸ੍ਰੀ ਮਹੰਤ ਸੂਰਜ ਗਿਰੀ ਜੀ ਵਲੋਂਭਗਵਤ ਕਥਾ ਦਾ ਉਚਾਰਨ ਕੀਤਾ ਜਾਵੇਗਾ। ਇਸ ਮੌਕੇ ਮੰਦਰ ਕਮੇਟੀ ਦੇ ਸਮੂਹ ਅਹੁਦੇਦਾਰ ਸਰਪੰਚ ਵਿਦਿਆਵਤੀ,ਪੰਚ ਸੋਨੀਆ ਸ਼ਰਮਾ ਪੰਚ ਸਿੰਦਰ ਦੇਵੀ,ਨਿਰਮਲਾ ਦੇਵੀ, ਸ਼ਾਕਸ਼ੀ ਸ਼ਰਮਾ,ਮਧੂ ਬਾਲਾ, ਸੁਮਨ ਸ਼ਰਮਾ,ਸਿਮਰਨ ਸ਼ਰਮਾ,ਆਸੀ ਰਾਣੀ, ਮੈਨਾ ਰਾਣੀ,ਓਮਵਤੀ,ਸੋਨੀਆ ਰਾਣੀ,ਤਮੰਨਾ,ਪੰਮੀ,ਜੈ ਭਗਵਾਨ,ਪਾਰਸ਼ ਸਰਮਾ, ਰਾਕੇਸ਼ ਕੁਮਾਰ ਵਿੱਕੀ, ਮਨੀਸ਼ ਸਰਮਾ, ਮੰਨਤ ਸ਼ਰਮਾ,ਅਜੇ ਸ਼ਰਮਾ, ਸਿਆਮ ਲਾਲ, ਰਾਜੀਵ ਕੁਮਾਰ ਨੰਬਰਦਾਰ,ਪਵਨ ਕੁਮਾਰ ਸੋਗਲਪੁਰ,ਮੇਘ ਨਾਥ,ਓਮਕਾਰ ਸ਼ਰਮਾ, ਯੋਗੀ ਸ਼ਰਮਾ,ਅਨਿਲ ਕੁਮਾਰ, ਮਾਂਗਾ ਰਾਮ, ਹਰਮੇਸ ਬਿਲੂ, ਰਾਮ ਮੂਰਤੀ ਸੋਗਲਪੁਰ ਆਦਿ ਹਾਜ਼ਰ ਸਨ ।



# ਪ੍ਰਧਾਨ ਸ਼ਿਵ ਵਰਮਾ ਦੀ ਅਗਵਾਈ ਵਿੱਚ ਸਵਰਨਕਾਰ ਸਭਾ ਕੁਰਾਲੀ ਦੇ ਹੋਈ ਇਕੱਤਰਤਾ, ਅਨੀਲ ਕੁਮਾਰ ਬੋਬੀ ਵਰਮਾ ਜਨਰਲ ਸਕੱਤਰ ਨਿਯੁਕਤ

ਪੰਜਾਬ ਦਾ ਖੁਲਾਸਾ

**ਕੁਰਾਲੀ, 23 ਨਵੰਬਰ (ਪਰਮਜੀਤ ਛੰਮਾ ਪਪਰਾਲੀ)**:- ਬੀਤੇ ਕੱਲ ਸਵਰਨਕਾਰ ਸਭਾ ਕੁਰਾਲੀ ਦੀ ਇੱਕ ਮੀਟਿੰਗ ਸਭਾ ਦੇ ਪ੍ਰਧਾਨ ਸ਼ਿਵ ਵਰਮਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਸਵਰਨਕਾਰ ਭਰਾਵਾਂ ਦੇ ਹਿਤਾਂ ਵਿੱਚ ਕੀਤੇ ਜਾ ਰਹੇ ਕੰਮਾਂ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ । ਜਿਸ ਵਿੱਚ ਅਨੀਲ ਕੁਮਾਰ ਬੋਬੀ ਵਰਮਾ ਜਨਰਲ ਸਕੱਤਰ, ਮੁਨੀਸ਼ ਵਰਮਾ ਖਜਾਨਚੀ, ਦੀਪਕ ਦੀਪੂ ਵਰਮਾ ਸ਼ਹਿ ਸਕੱਤਰ, ਰਾਹੁਲ ਵਰਮਾ ਸ਼ਹਿ ਖ਼ਜ਼ਾਨਚੀ, ਦਿਨੇਸ਼ ਵਰਮਾ ਖਜਾਨਚੀ 2, ਕੌਂਸਲਰ ਭਾਰਤ ਭੂਸ਼ਣ ਵਰਮਾ ਮੈਂਬਰ, ਚੇਤਨ ਵਰਮਾ ਮੈਂਬਰ, ਨਰੇਸ਼ ਵਰਮਾ (ਨੀਟੂ) ਮੈਂਬਰ ਨਿਯੁਕਤ ਕੀਤੇ ਗਏ । ਇਸ ਮੌਕੇ ਪ੍ਰਧਾਨ ਸ਼ਿਵ ਵਰਮਾ ਨੇ ਕਿਹਾ ਕਿ ਸਵਰਨਕਾਰਾਂ ਦੀਆਂ ਜਿੰਨੀਆਂ ਵੀ ਮੁਸ਼ਕਿਲਾਂ ਭਾਵੇਂ ਲੋਕਲ ਹੋਣ ਜਾਂ ਸਟੇਟ ਲੈਵਲ ਤੇ ਹੋਣ ਉਹਨਾਂ ਨੂੰ ਮਿਲ ਜੁਲ ਕੇ ਹੱਲ ਕੀਤਾ ਜਾਵੇਗਾ । ਇਸੇ ਤਰ੍ਹਾਂ ਇਸ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਕੁਝ ਮਤੇ ਵੀ ਪਾਸ ਕੀਤੇ ਗਏ । ਅੱਜ ਦਿੱਤੀ ਨਿਯੁਕਤੀਆਂ ਨੂੰ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਇੱਕ ਮਤ ਹੋਕੇ ਸਹਿਮਤੀ ਦਿੱਤੀ ਗਈ । ਇਸ ਮੌਕੇ ਚੁਣੇ ਗਏ ਮੈਂਬਰਾਂ ਵੱਲੋਂ ਸਭਾ ਦੇ ਸਮੂਹ ਮੈਂਬਰਾਂ ਨੂੰ ਪੂਰਾ ਭਰੋਸਾ ਦਵਾਇਆ ਕਿ ਅਸੀਂ ਤਨ ਮਨ ਧਨ ਨਾਲ ਸਭਾ ਲਈ ਕੰਮ ਕਰਦੇ ਹੋਏ ਸਵਰਨਕਾਰ ਭਰਾਵਾਂ ਦੀ ਸੇਵਾ ਵਿੱਚ ਦਿਨ ਰਾਤ ਹਾਜਰ ਰਹਿਣਗੇ । ਇਸ ਮੌਕੇ ਗੁਨਦੀਪ ਵਰਮਾ, ਸੰਜੀਵ ਕੁਮਾਰ ਗੋਗਨਾ, ਸਤੀਸ਼ ਕੁਮਾਰ ਚੇਅਰਮੈਨ, ਪਵਨ ਕੁਮਾਰ ਵਰਮਾ ਉਪ ਪ੍ਰਧਾਨ, ਦੀਪਕ ਕੁਮਾਰ ਵਰਮਾ ਕੈਸ਼ੀਅਰ, ਰੋਸ਼ਨ ਲਾਲ ਵਰਮਾ, ਗੌਰਵ ਵਰਮਾ ਭੀਮ ਸੈਨ, ਸੁੱਖੀ ਵਰਮਾ, ਆਰੀਅਨ ਵਰਮਾ ਅਤੇ ਨਿਤੀਸ਼ ਕੁਮਾਰ ਵਰਮਾ ਆਦਿ ਹਾਜ਼ਰ ਸਨ ।



# ਦੇਸ਼ ਭਗਤ ਯੂਨੀਵਰਸਿਟੀ ਦੇ ਵਫ਼ਦ ਨੇ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਦੇ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ

ਪੰਜਾਬ ਦਾ ਖੁਲਾਸਾ

ਕੁਰਾਲੀ, 23 ਨਵੰਬਰ (ਪਰਮਜੀਤ ਛੰਮਾ ਪਪਰਾਲੀ):- ਦੇਸ਼ ਭਗਤ ਯੂਨੀਵਰਸਿਟੀ ਨੇ ਇੱਕ ਇਤਿਹਾਸਕ ਮੀਲ ਪੱਥਰ ਵਜੋਂ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਅਤੇ ਡੀ.ਬੀ.ਯੂ. ਅਮਰੀਕਾ ਦੇ ਅੰਤਰਰਾਸ਼ਟਰੀ ਸੰਚਾਲਨ ਦੇ ਨਿਰਦੇਸ਼ਕ ਅਰੁਣ ਮਲਿਕ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ (ਅਮਰੀਕਾ) ਦੇ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨਾਲ ਮੁਲਾਕਾਤ ਕਰਕੇ ਅਹਿਮ ਮੁਦਿਆਂ ਉਪਰ ਗੱਲਬਾਤ ਕੀਤੀ ਗਈ। ਇਹ ਮੀਟਿੰਗ ਸੇਂਟ ਵਿਨਸੈਂਟ ਵਿੱਚ ਯੂਨੀਵਰਸਿਟੀ ਦੇ ਨਵੇਂ ਸਥਾਪਿਤ ਕੀਤੇ ਗਏ ਡੀਬੀਯੂ ਅਮਰੀਕਾ ਸਕੂਲ ਆਫ਼ ਮੈਡੀਸਨ ਦੇ ਆਲੇ-ਦੁਆਲੇ ਕੇਂਦਰਿਤ ਸੀ, ਜੋ ਇੱਕ ਗਲੋਬਲ ਦ੍ਰਿਸ਼ਟੀਕੋਣ ਨਾਲ ਵਿਸ਼ਵ ਪੱਧਰੀ ਡਾਕਟਰੀ ਸਿੱਖਿਆ ਦੀ ਪੇਸ਼ਕਸ਼ ਕਰਨ ਲਈ ਤਿਆਰ ਕੀਤੀ ਗਈ ਇੱਕ ਮੋਹਰੀ ਪਹਿਲਕਦਮੀ ਹੈ।

ਪ੍ਰਧਾਨ ਮੰਤਰੀ ਡਾ. ਗੋਂਸਾਲਵੇਸ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਦੂਰਅੰਦੇਸ਼ੀ ਲੀਡਰਸ਼ਿਪ ਦੀ ਤਾਰੀਫ਼ ਕਰਦਿਆਂ ਡਾ ਜ਼ੋਰਾ ਸਿੰਘ ਅਤੇ ਡਾ: ਤਜਿੰਦਰ ਕੌਰ ਦੀ ਸਿੱਖਿਆ ਅਤੇ ਨਵੀਨਤਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਕੂਲ ਆਫ਼ ਮੈਡੀਸਨ ਦੀਆਂ ਅਥਾਹ ਸੰਭਾਵਨਾਵਾਂ ਬਾਰੇ ਗੱਲਬਾਤ ਕਰਦਿਆਂ ਇਸ ਦੇ ਵਿਕਾਸ ਅਤੇ ਸਫਲਤਾ ਦੀ ਸਹੂਲਤ ਲਈ ਸਰਕਾਰ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਆਪਸੀ ਸਨਮਾਨ ਅਤੇ ਸਹਿਯੋਗ ਦੇ ਸੰਬੰਧ ਵਿੱਚ ਡੀਬੀਯੂ ਦੇ ਵਫ਼ਦ ਨੇ ਸਿੱਖਿਆ ਅਤੇ ਸਿਹਤ ਸੰਭਾਲ ਨੂੰ ਅੱਗੇ ਵਧਾਉਣ ਲਈ ਦੋਵਾਂ ਸੰਸਥਾਵਾਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹੋਏ ਪ੍ਰਧਾਨ ਮੰਤਰੀ ਡਾ. ਰਾਲਫ਼ ਗੋਨਸਾਲਵਿਸ ਨੂੰ ਸਨਮਾਨਿਤ ਕੀਤਾ। ਡੀਬੀਯੂ ਦੇ ਵਫ਼ਦ ਨੇ ਦੱਸਿਆ ਕਿ ਅਮਰੀਕਾ ਸਕੂਲ ਆਫ਼ ਮੈਡੀਸਨ ਉਮੀਦ ਅਤੇ ਤਰੱਕੀ ਦੀ ਇੱਕ ਰੋਸ਼ਨੀ ਵਜੋਂ ਖੜ੍ਹਾ ਹੈ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਯੋਗ ਮੈਡੀਕਲ ਪੇਸ਼ੇਵਰ ਬਣਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।



# ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਤਿੰਨ ਸੀਟਾਂ ਮਿਲਣ ਤੇ ਲੱਡੂ ਵੰਡੇ

ਪੰਜਾਬ ਦਾ ਖੁਲਾਸਾ

**ਘਨੌਰ 23 ਨਵੰਬਰ (ਅਭਿਸ਼ੇਕ ਸੂਦ)** ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਵਿਧਾਨ ਸਭਾ ਚੋਣ ਨਤੀਜਿਆਂ ਵਿਚ 3 ਹਲਕਿਆਂ ਵਿਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ 'ਤੇ ਅੱਜ ਹਲਕਾ ਘਨੌਰ ਦੇ ਆਗੂਆਂ ਤੇ ਵਰਕਰਾਂ ਨੇ ਵੀ ਇਸ ਦੇ ਜਸ਼ਨ ਮਨਾਏ। ਘਨੌਰ ਦੇ ਬੱਸ ਸਟੈਂਡ ਵਿਚ ਅੱਜ ਵਿਧਾਇਕ ਗੁਰਲਾਲ ਘਨੌਰ ਦੀ ਅਗਵਾਈ ਹੇਠ ਇਕੱਤਰ ਹੋਏ ਲੋਕਾਂ ਨੇ ਲੱਡੂ ਵੰਡੇ ਅਤੇ ਢੋਲ ਦੀ ਥਾਪ 'ਤੇ ਭੰਗੜੇ ਪਾਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਪੰਮਾ ਨੇ ਕਿਹਾ ਕਿ 3 ਵਿਧਾਨ ਸਭਾ ਹਲਕਿਆਂ ਵਿਚ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੋਟ ਪਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦੌਰਾਨ ਵਰਕਰਾਂ ਨੇ ਵੀ ਸਖ਼ਤ ਮਿਹਨਤ ਕੀਤੀ। ਜਿਮਨੀ ਚੋਣਾਂ ਦੌਰਾਨ ਸਭ ਤੋਂ ਹਾਟ ਸੀਟ ਮੰਨੀ ਜਾਣ ਵਾਲੀ ਗਿੱਦੜਬਾਹਾ 'ਤੇ 'ਆਪ' ਦੀ ਸ਼ਾਨਦਾਰ ਜਿੱਤ ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਦੇਖ ਰਿਹਾ ਸੀ। ਜਿਸ ਨੂੰ ਲੋਕਾਂ ਨੇ ਚਕਨਾਚੂਰ ਕਰ ਇਹ ਸਾਬਿਤ ਕਰ ਦਿੱਤਾ ਕਿ ਅਗਲਾ ਮੁੱਖ ਮੰਤਰੀ ਵੀ 'ਆਪ' ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਣਗੇ। ਇਸ ਮੌਕੇ ਬਲਾਕ ਪ੍ਰਧਾਨ ਨਜ਼ੀਰ ਖਾਨ ਮੱਖਣ ਘਨੌਰ, ਸੁਰਿੰਦਰ ਤੂਲੀ ,ਕੁਲਦੀਪ ਸਿੰਘ ਬੁੱਟਰ, ਗੱਬਰ ਘਨੌਰ ਗੁਰਵਿੰਦਰ ਸਿੰਘ ਕਾਲਾ ਨਰੇਸ਼ ਕੁਮਾਰ ਗੁਰਚਰਨ ਸਿੰਘ ਲੰਬੜਦਾਰ ,ਦਮਨਜੀਤ ਸਿੰਘ ਸਮੇਤ ਆਮ ਆਦਮੀ ਟੀਮ ਹਾਜ਼ਰ ਸੀ।



# ਪੰਜਾਬ ਪ੍ਰਦੇਸ਼ ਵਪਾਰ ਮੰਡਲ ਭਗਤਾ ਭਾਈ ਇਕਾਈ ਦਾ ਜਲਦੀ ਗਠਨ: ਸ਼ੈਲੀ ਗਰਗ

ਪੰਜਾਬ ਦਾ ਖੁਲਾਸਾ

ਜੈਤੋ ,23 ਨਵੰਬਰ (ਰਘੂਨੰਦਨ ਪਰਾਸ਼ਰ): ਪੰਜਾਬ ਪ੍ਰਦੇਸ਼ ਵਪਾਰ ਮੰਡਲ (ਰਜਿ) ਦੇ ਪ੍ਰਦੇਸ਼ ਉਪ ਪ੍ਰਧਾਨ ਗੋਪਾਲ ਕ੍ਰਿਸ਼ਨ ਸ਼ੈਲੀ ਗਰਗ ਦੀ ਅਗਵਾਈ ਵਿੱਚ ਭਗਤਾ ਭਾਈ ਵਿਖੇ ਵਪਾਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੀਆਂ ਮੰਗਾਂ 'ਤੇ ਵਿਚਾਰ-ਚਰਚਾ ਕੀਤੀ ਗਈ।ਇਸ ਮੌਕੇ 'ਤੇ ਸ਼ੈਲੀ ਗਰਗ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਕਿਸੇ ਵੀ ਸਰਕਾਰੀ ਅਧਿਕਾਰੀ ਦੁਆਰਾ ਫਜ਼ੂਲ ਤੰਗ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਟੈਕਸ ਸਮੇਂ ਸਿਰ ਜਮ੍ਹਾਂ ਕਰਨ ਅਤੇ ਗਾਹਕਾਂ ਨੂੰ ਸਾਫ-ਸੁਥਰਾ ਤੇ ਗੁਣਵੱਤਾ ਯੁਕਤ ਸਮਾਨ ਵਹਿ ਚਨ।ਉਨ੍ਹਾਂ ਇਹ ਵੀ ਘੋਸ਼ਣਾ ਕੀਤੀ ਕਿ ਪੰਜਾਬ ਪ੍ਰਦੇਸ਼ ਵਪਾਰ ਮੰਡਲ (ਰਜਿ) ਦੀ ਭਗਤਾ ਭਾਈ ਇਕਾਈ ਦਾ ਜਲਦੀ ਹੀ ਗਠਨ ਕੀਤਾ ਜਾਵੇਗਾ, ਜਿਸ ਨਾਲ ਸਥਾਨਕ ਵਪਾਰੀਆਂ ਨੂੰ ਸੰਗਠਨਾਤਮਕ ਸਮਰਥਨ ਅਤੇ ਮਾਰਗਦਰਸ਼ਨ ਮਿਲ ਸਕੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਜੀ.ਐਸ.ਟੀ. ਰਜਿਸਟਰਡ ਵਪਾਰੀਆਂ ਤੋਂ ਲਗਾਏ ਗਏ 2400 ਰੁਪਏ ਪ੍ਰਤੀ ਸਾਲ ਦੇ ਪੰਜਾਬ ਵਿਕਾਸ ਟੈਕਸ ਨੂੰ ਵਾਪਸ ਲੈਣ ਦੀ ਜ਼ੋਰਦਾਰ ਮੰਗ ਕੀਤੀ ਅਤੇ ਕਿਹਾ ਕਿ ਵਪਾਰੀ ਪਹਿਲਾਂ ਹੀ ਜੀ.ਐਸ.ਟੀ. ਉਨ੍ਹਾਂ 'ਤੇ ਟੈਕਸ, ਆਮਦਨ ਕਰ, ਪ੍ਰਾਪਰਟੀ ਟੈਕਸ ਦਾ ਬੋਝ ਹੈ।ਇਸ ਮੀਟਿੰਗ ਵਿੱਚ ਕਰਿਆਨਾ ਐਸੋਸੀਏਸ਼ਨ ਭਗਤਾ ਭਾਈ ਦੇ ਉਪਪ੍ਰਧਾਨ ਰਾਮ ਕੁਮਾਰ ਅਤੇ ਕੋਸ਼ਾਧਿਕਾਰੀ ਭਗਵਾਨ ਦਾਸ (ਵਿੱਕੀ) ਗੋਇਲ ਸਮੇਤ ਹੋਰ ਕਈ ਵਪਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਉਸ ਸਮੇਂ ਹਾਜ਼ਰ ਰਾਮਪਾਲ ਗਰਗ ਕੇਸ਼ਵ ਕੁਮਾਰ ਗੋਇਲ ,ਸੁਖਦੇਵ ਕੁਮਾਰ (ਰਿੱਕੀ) ਗੋਇਲ, ਪਾਲ ਵਰਮਾ, ਪਰਮਜੀਤ ਸੁਖੇਜਾ, ਸੁਨੀਲ ਕੁਮਾਰ, ਗੋਗੀ ਕਾਲਾ ਗੇਰਾ, ਮੰਗਤ ਰਾਏ ਗਰਗ ,ਪ੍ਰਵੀਨ ਕੁਮਾਰ ਮਹੇਸ਼ਵਰੀ, ਜੀਤੂ ਰਾਮ ਗੋਇਲ, ਦਰਪਣ ਜੈਨ ਅਤੇ ਹੋਰ ਮੈਂਬਰ ਹਾਜ਼ਰ ਸਨ।



# ਬੀਬੀ ਮਨਜੀਤ ਕੌਰ ਦੀ ਆਤਮਿਕ ਸ਼ਾਤੀ ਲਈ ਰੱਖੇ ਪਾਠ ਦਾ ਭੋਗ 25 ਨਵੰਬਰ (ਸੋਮਵਾਰ) ਨੂੰ

ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ 23 ਨਵੰਬਰ (ਅਸ਼ੋਕ ਭਾਰਦਵਾਜ)** ਭਾਈ ਅਵਤਾਰ ਸਿੰਘ ਜੀ ਫੌਜੀ ਸਕੱਤਰ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰ ਅਤੇ ਹੈਡ ਗ੍ਰੰਥੀ ਗੁਰਦੁਆਰਾ ਮਾਈ ਰਾਮ ਦੇਵੀ ਜੀ? ਤਿਨਾਂ ਦੇ ਧਰਮ ਸੁਪਤਨੀ ਬੀਬੀ ਮਨਜੀਤ ਕੌਰ 17 ਨਵੰਬਰ 2024 ਦਿਨ ਐਤਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ ਤਿਨਾਂ ਦੀ ਆਤਮਿਕ ਸ਼ਾਂਤੀ ਵਾਸਤੇ ਗ੍ਰਹਿ ਵਿਖੇ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 25 ਨਵੰਬਰ ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਧਵਣ ਕਲੋਨੀ ਵਿਖੇ 12 ਤੋਂ 1 ਵਜੇ ਤੱਕ ਕੀਰਤਨ ਉਪਰੰਤ ਅਰਦਾਸ ਹੋਵੇਗੀ ਜੀ ? ਜਿਸ ਵਿੱਚ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰ ਗੁਰਦੁਆਰਾ ਮਾਈ ਰਾਮ ਦੇਵੀ ਜੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਗੁਰਦੁਆਰਾ ਬੈਕੁੰਠ ਧਾਮ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਤੋ ਇਲਾਵਾ ਧਾਰਮਿਕ ਜਥੇਬੰਦੀਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਵੇਰਕਾ ਮਿਲਕ ਪਲਾਂਟ ਫਿਰੋਜ਼ਪੁਰ ਪੀਐਸਪੀਸੀਐਲ ਸਮੂਹ ਸਟਾਫ ਫਿਰੋਜਪੁਰ ਸਾਰਿਆਂ ਵੱਲੋਂ ਬੀਬੀ ਮਨਜੀਤ ਕੌਰ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ।



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 55ਵੇਂ ਸਥਾਪਨਾ ਦਿਵਸ (24 ਨਵੰਬਰ 2024 )'ਤੇ ਵਿਸ਼ੇਸ਼

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਕਲਾ, ਵਿਗਿਆਨ ਤੇ ਤਕਨਾਲੋਜੀ ਦੇ ਖੇਤਰ 'ਚ ਦੇਸ਼ ਨੂੰ ਅਗਵਾਈ ਦੇਣ ਦੇ ਸਮਰੱਥ

ਪੰਜਾਬ ਦਾ ਖੁਲਾਸਾ

ਅੰਮ੍ਰਿਤਸਰ23 ਨਵੰਬਰ (ਦਿਨੇਸ਼ ਸੋਨੀ) ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ 'ਤੇ 24 ਨਵੰਬਰ 1969 ਨੂੰ ਸਥਾਪਤ ਕੀਤੀ ਗਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸ ਸਮੇਂ ਦੇਸ਼ ਦੀ ਇੱਕ ਮਿਆਰੀ ਵਿਦਿਅਕ ਸੰਸਥਾ ਵਜੋਂ ਸਿੱਖਿਆ, ਖੋਜ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਦੇ ਰਹੀ ਹੈ।ਵਿਗਿਆਨ, ਕਲਾ, ਪ੍ਰਬੰਧਨ, ਸੂਚਨਾ ਤਕਨਾਲੋਜੀ, ਮੀਡੀਆ, ਉਦਯੋਗਿਕ ਤਕਨਾਲੋਜੀ, ਵਾਤਾਵਰਣ, ਯੋਜਨਾਬੰਦੀ ਅਤੇ ਆਰਕੀਟੈਕਚਰ ਆਦਿ ਵਿਸ਼ਿਆਂ 'ਚ ਦੇਸ਼ ਦੀ ਉੱਚਕੋਟੀ ਯੂਨੀਵਰਸਿਟੀ ਹੋਣ ਦੀ ਮਾਨਤਾ (ਨੈਸ਼ਨਲ ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਬੰਗਲੌਰ ਵੱਲੋਂ 3.85 /4.00 ਅੰਕਾਂ ਨਾਲ )ਮਿਲੀ ਹੋਣ ਦੇ ਨਾਲ ਦੇਸ਼ ਦੀ ਵਕਾਰੀ "ਮੌਲਾਨਾ ਅਬਦੁਲ ਕਲਾਮ ਆਜ਼ਾਦ ਟਰਾਫੀ" 'ਤੇ 25 ਵਾਰ ਕਬਜ਼ਾ ਕੀਤਾ ਹੋਇਆ ਹੈ । ਦੇਸ਼-ਵਿਦੇਸ਼ ਦੀਆਂ ਮਾਨਤਾ ਪ੍ਰਾਪਤ ਸਰਵੇ ਏਜੰਸੀਆਂ ਵਿੱਚੋਂ ਯੂ. ਜੀ. ਸੀ. ਨੇ 2012 ਵਿੱਚ "ਉੱਤਮਤਾ ਲਈ ਸੰਭਾਵੀ ਯੂਨੀਵਰਸਿਟੀ",ਨੈਸ਼ਨਲ ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਦੇ ਮਾਨਤਾ ਫਰੇਮਵਰਕ ਨੇ 1++ ਉੱਚ ਪੱਧਰੀ ਗ੍ਰੇਡ,ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਕੁਲੀਨ "ਸ਼੍ਰੇਣੀ-1" ਦਰਜਾ ਦੇ ਕਿ ਪੰਜਾਬ ਦੀ ਇਕਲੌਤੀ ਖੁਦਮੁਖਤਿਆਰ ਯੂਨੀਵਰਸਿਟੀ ਬਣਾ ਦਿੱਤਾ ।ਮਨੁੱਖੀ ਸਰੋਤ ਵਿਕਾਸ ਮੰਤਰਾਲੇ ਭਾਰਤ ਸਰਕਾਰ ਨੇ ਦੇਸ਼ ਦੀਆਂ ਚੋਟੀ ਦੀਆਂ ਦਸ "ਉੱਚ ਪ੍ਰਦਰਸ਼ਨ ਕਰਨ ਵਾਲੀਆਂ ਸਟੇਟ ਪਬਲਿਕ ਯੂਨੀਵਰਸਿਟੀਆਂ" 'ਚ ਰੱਖਿਆ । ਨਿਰਫ਼ ਰੈਂਕਿੰਗ 'ਚ 48ਵਾਂ ਸਥਾਨ ਹਾਸਲ ਕਰਕੇ ਚੋਟੀ ਦੀਆਂ 50 ਯੂਨੀਵਰਸਿਟੀਆਂ ਦੇ ਕੁਲੀਨ ਸਮੂਹ ਦਾ ਹਿੱਸਾ ਬਣ ਗਈ ਹੈ। "ਦ ਵੀਕ-ਹੰਸਾ ਰਿਸਰਚ ਸਰਵੋਤਮ ਯੂਨੀਵਰਸਿਟੀ" ਦੇ ਸਰਵੇਖਣ ਵਿਚ ਉੱਤਰੀ ਜ਼ੋਨ ਦੀਆਂ ਬਹੁ-ਅਨੁਸ਼ਾਸਨੀ ਯੂਨੀਵਰਸਿਟੀਆਂ ਵਿੱਚ 7ਵਾਂ ਅਤੇ ਆਲ ਇੰਡੀਆ ਬਹੁ-ਅਨੁਸ਼ਾਸਨੀ ਯੂਨੀਵਰਸਿਟੀਆਂ 'ਚ 14ਵਾਂ ਸਥਾਨ ਹੈ। "ਇੰਡੀਆ ਟੂਡੇ ਰੈਂਕਿੰਗ" 'ਚ ਭਾਰਤ ਦੀਆਂ ਰਾਜ ਯੂਨੀਵਰਸਿਟੀਆਂ 'ਚ 11ਵਾਂ ਸਥਾਨ ਜਦੋਂਕਿ "ਸੈਂਟਰ ਫਾਰ ਵਰਲਡ ਯੂਨੀਵਰਸਿਟੀ ਰੈਂਕਿੰਗ 2024" ਵਿਸ਼ਵ ਦੀਆਂ ਚੋਟੀ ਦੀਆਂ 23 ਫੀਸਦੀ ਯੂਨੀਵਰਸਿਟੀਆਂ 'ਚ,ਪੰਜਾਬ ਦੀਆਂ ਚੋਟੀ ਦੀਆਂ ਚਾਰ ਸੰਸਥਾਵਾਂ ਅਤੇ ਉੱਤਰੀ ਭਾਰਤ ਦੀਆਂ ਚੋਟੀ ਦੀਆਂ 10 ਸੰਸਥਾਵਾਂ 'ਚ ਹੈ। "ਐਚ-ਇੰਡੈਕਸ 154" ਹੈ। ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਨਾਨਕ ਅਧਿਐਨ ਵਿਭਾਗ ਅਤੇ ਪੰਜਾਬੀ ਅਧਿਐਨ ਵਿਭਾਗ ਦੇ ਵਿਦਿਆਰਥੀਆਂ ਨੂੰ ਮੁਫ਼ਤ ਪੜ੍ਹਾਇਆ ਜਾਂਦਾ । ਯੂਨੀਵਰਸਿਟੀ ਕੈਂਪਸ ਹਰੇ ਭਰੇ ਲੈਂਡਸਕੇਪ, ਆਧੁਨਿਕ ਆਰਕੀਟੈਕਚਰ ਅਤੇ ਟਿਕਾਊ ਵਾਤਾਵਰਣ ਦੀ ਸਕਾਰ ਤਸਵੀਰ ਹੈ। ਜਿਸ 'ਚ 45 ਅਧਿਆਪਨ ਵਿਭਾਗ ਹਨ ਜਦੋਂਕਿ ਦੋ ਖੇਤਰੀ ਕੈਂਪਸ ਅਤੇ 170 ਮਾਨਤਾ ਪ੍ਰਾਪਤ ਯੂਨੀਵਰਸਿਟੀ ਅਤੇ ਕਾਂਸਟੀਚੂਐਂਟ ਕਾਲਜ ਹਨ। ਨਵੀਂ ਸਿੱਖਿਆ ਨੀਤੀ-2020 ਲਾਗੂ ਹੈ।ਦਾਖਲਾ, ਕਾਉਂਸਲਿੰਗ, ਪੁਨਰ-ਮੁਲਾਂਕਣ, ਪ੍ਰੀਖਿਆਵਾਂ ਦੇ ਨਤੀਜੇ ਅਤੇ ਰਜਿਸਟ੍ਰੇਸ਼ਨ ਦੀ ਸਹੂਲਤ ਆਨਲਾਈਨ ਹੈ।ਐੱਮ.ਐਚ.ਆਰ.ਡੀ, ਡੀ.ਐੱਸ.ਟੀ, ਸੀ.ਐੱਸ.ਆਈ. ਆਰ,ਬੀ.ਏ.ਆਰ.ਸੀ. ਆਦਿ ਸੰਸਥਾਵਾਂ ਨੇ ਕਰੋੜਾਂ ਰੁਪਏ ਦੇ ਵਕਾਰੀ ਪ੍ਰੋਜੈਕਟ ਫੈਕਲਟੀ ਮੈਂਬਰਾਂ ਨੂੰ ਦਿੱਤੇ ਹਨ। ਭਾਭਾ ਪਰਮਾਣੂ ਖੋਜ ਕੇਂਦਰ ਵੱਲੋਂ ਸਥਾਪਿਤ ਚਾਰ ਨੋਡਲ ਕੈਲੀਬ੍ਰੇਸ਼ਨ ਕੇਂਦਰਾਂ ਵਿੱਚੋਂ ਇੱਕ ਯੂਨੀਵਰਸਿਟੀ ਕੈਂਪਸ 'ਚ ਹੈ। ਸੈਂਟਰ ਆਫ਼ ਐਮਰਜਿੰਗ ਲਾਈਫ ਸਾਇੰਸਿਜ਼, ਬੋਟੈਨੀਕਲ ਗਾਰਡਨ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥੈਰੇਪੀ ਵਿਭਾਗ ਯੂਨੀਵਰਸਿਟੀ ਦਾ ਉਚੇਰੀ ਸਿਖਿਆ ਵਿਚ ਕੱਦ ਉੱਚਾ ਕਰਦੇ ਹਨ। ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ 'ਚ ਉੱਤਰੀ ਭਾਰਤ ਦੀਆਂ ਪ੍ਰਮੁੱਖ ਸੰਸਥਾਵਾਂ ਵਿੱਚੋਂ ਇੱਕ ਯੂਨੀਵਰਸਿਟੀ ਹੈ ਜਿਸ ਨੇ ਵੱਖ-ਵੱਖ ਸਕੀਮਾਂ ਤਹਿਤ 70 ਕਰੋੜ ਰੁਪਏ ਦੇ ਯੰਤਰ ਖਰੀਦੇ ਹਨਅਤੇ ਟੀ.ਸੀ.ਐਸ. ਦੀ ਮਦਦ ਨਾਲ ਆਧੁਨਿਕ ਕੰਪਿਊਟਰ ਲੈਬ ਸਥਾਪਿਤ ਕੀਤਾ ।

28ਵੇਂ ਉੱਤਰੀ ਖੇਤਰ ਅੰਤਰ-ਯੂਨੀਵਰਸਿਟੀ ਜ਼ੋਨਲ ਯੁਵਕ ਮੇਲੇ,ਇੰਡੀਅਨ ਅਕੈਡਮੀ ਆਫ ਨਿਊਰੋਸਾਇੰਸਿਜ਼ ਦੀ ਚਾਰ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ, ਐਸੋਸੀਏਸ਼ਨ ਆਫ ਪਲਾਸਟਿਕ ਸਰਜਨਸ ਆਫ ਇੰਡੀਆ ਦੀ 56ਵੀਂ ,ਇੰਡੀਅਨ ਆਰਥੋਪੈਡਿਕ ਐਸੋਸੀਏਸ਼ਨ ਦੀ 67ਵੀਂ, ਇੰਡੀਅਨ ਰੇਡੀਓਲਾਜੀਕਲ ਐਂਡ ਇਮੇਜਿੰਗ ਐਸੋਸੀਏਸ਼ਨ ਦੀ 75ਵੀਂ, ਇੰਡੀਅਨ ਸੋਸਾਇਟੀ ਆਫ਼ ਪੀਰੀਓਡੋਂਟੋਲੋਜੀ ਦੀ 47 ਵੀਂ ਨੈਸ਼ਨਲ ਕਾਨਫਰੰਸ ਅਤੇ "ਜੀ-20" ਦੀ ਮੇਜ਼ਬਾਨੀ ਕੀਤੀ।

ਯੂਨੀਵਰਸਿਟੀ ਦੀਆਂ ਖੇਡ ਪ੍ਰਾਪਤੀਆਂ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਐਥਲੈਟਿਕਸ, ਤਲਵਾਰਬਾਜ਼ੀ, ਸਾਇਕਲਿੰਗ ਅਤੇ ਤੈਰਾਕੀ ਦੇ ਚਾਰ ਸੈਂਟਰ ਆਫ ਐਕਸੀਲੈਂਸ ਅਤੇ ਖੇਲੋ ਇੰਡੀਆ ਤਹਿਤ ਤਲਵਾਰਬਾਜ਼ੀ ਅਤੇ ਤੀਰਅੰਦਾਜ਼ੀ ਦੀਆਂ ਦੋ ਅਕਾਦਮੀਆਂ ਦਿੱਤੀਆਂ। ਹੈਂਡਬਾਲ ਅਤੇ ਹਾਕੀ ਨੂੰ ਪ੍ਰਫੁਲਤ ਕਰਨ ਲਈ ਖੇਲੋ ਇੰਡੀਆ ਦੇ ਦੋ ਨਵੇਂ ਸੈਂਟਰ ਵੀ ਮਿਲੇ ਹਨ।ਇਸ ਤੋਂ ਇਲਾਵਾ ਹਾਕੀ ਲਈ ਐਸਟ੍ਰੋ-ਟਰਫ, ਅੰਤਰਰਾਸ਼ਟਰੀ ਪੱਧਰ ਦਾ ਸਵਿਮਿੰਗ ਪੂਲ, ਵੇਲੋਡਰੋਮ, ਜਿਮਨੇਜ਼ੀਅਮ ਹਾਲ, ਸ਼ੂਟਿੰਗ ਰੇਂਜ ਅਤੇ ਹੋਰ ਬਹੁਤ ਸਾਰੀਆਂ ਅਤਿ-ਆਧੁਨਿਕ ਖੇਡ ਸਹੂਲਤਾਂ ਹਨ। 37ਵੇਂ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ 2023-24 ਅਤੇ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿੱਚ ਸੰਗੀਤ ਟਰਾਫੀ ਨੂੰ ਆਪਣੇ ਨਾਂ ਕੀਤਾ ਹੈ। ਮਨੁੱਖੀ ਸਰੋਤ ਵਿਕਾਸ ਮੰਤਰਾਲੇ ਨੇ "ਸਵੱਛ ਕੈਂਪਸ ਰੈਂਕਿੰਗ" ਵਿਚ ਵੱਡੇ ਕੈਂਪਸ ਵਾਲੀਆਂ ਮਲਟੀ-ਸਪੈਸ਼ਲਿਟੀ ਪਬਲਿਕ ਯੂਨੀਵਰਸਿਟੀਆਂ ਵਿਚ ਪਹਿਲਾ ਅਤੇ ਸਮੂਹ ਸਰਕਾਰੀ ਯੂਨੀਵਰਸਿਟੀਆਂ ਦੇ ਵੱਡੇ ਅਤੇ ਛੋਟੇ ਕੈਂਪਸਾਂ 'ਚ ਦੇਸ਼ ਵਿੱਚੋ ਦੂਜਾ ਸਥਾਨ ਦਿੱਤਾ ਗਿਆ। ਜ਼ੀਰੋ-ਡਿਸਚਾਰਜ ਅਤੇ ਪ੍ਰਦੂਸ਼ਣ ਮੁਕਤ ਕੈਂਪਸ 'ਚ ਸੀਵਰੇਜ ਦੇ ਪਾਣੀ ਅਤੇ ਕੂੜੇ ਦੀ ਮੁੜ ਵਰਤੋਂ ਹੁੰਦੀ । ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀਆਂ ਪਹਿਲੀਆਂ ਯੂਨੀਵਰਸਿਟੀਆਂ 'ਚ ਹੈ ਜੋ ਕਿ ਸਪੈਸ਼ਲ ਐਜੂਕੇਸ਼ਨ (ਬਹੁ-ਅਯੋਗਤਾ) ਵਾਲੇ ਕੋਰਸ ਅਤੇ ਹੋਰ ਕਈ ਵਿਸ਼ਿਆਂ ਓ. ਡੀ ਐੱਲ ਰਾਹੀਂ ਆਨਲਾਈਨ ਕੋਰਸ ਕਰਵਾ ਰਹੀ ਹੈ। ਕੈਂਪਸ 'ਚ ਫ੍ਰੀ ਹੌਟਸਪੌਟ ਦੇ ਨਾਲ ਦਫਤਰੀ ਕੰਮ-ਕਾਜ਼ ਦੀ ਰਫਤਾਰ ਵਧਾਉਣ ਲਈ ਈ-ਆਫਿਸ ਹੈ।ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਕਲੱਬ ਬਣੇ। ਦੇਸ਼-ਵਿਦੇਸ਼ ਦੀਆਂ 92 ਕੰਪਨੀਆਂ ਰਾਹੀਂ 80 ਫੀਸਦੀ ਪਲੇਸਮੈਂਟ ਦਿੱਤੀ ਜਾ ਰਹੀ। ।ਯੂਨੀਵਰਸਿਟੀ ਦੇ ਵਿਦਿਆਰਥੀ ਸਿਰਫ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਦੇ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਦੇ ਵਿਚ ਉੱਚੇ ਅਹੁਦਿਆਂ 'ਤੇ ਹੀ ਨਹੀਂ ਪਹੁੰਚ ਰਹੇ ਸਗੋਂ ਉਹ ਗਿਆਨਵਾਨ ਅਤੇ ਸਿਹਤਮੰਦ ਸਭਿਅਕ ਸਮਾਜ ਸਿਰਜਣ ਵਿਚ ਵੀ ਅਹਿਮ ਮਹੱਤਵਪੂਰਨ ਭੂਮਿਕਾ ਰਹੇ ਹਨ।

# ਪੰਜਾਬ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਬੇਨਕਾਬ

## ਕਿਸਾਨਾਂ ਤੇ ਲਾਠੀਚਾਰਜ ਜ਼ਬਰ ਦਾ ਸਿਖਰ ਡੀ.ਟੀ.ਐਫ ਮੋਗਾ

ਪੰਜਾਬ ਦਾ ਖੁਲਾਸਾ

ਬਾਘਾ ਪੁਰਾਣਾ, 23 ਨਵੰਬਰ ( ਪ ਪ)--ਭਾਰਤ ਮਾਲ਼ਾ ਪ੍ਰੋਜੈਕਟ ਅਧੀਨ ਪੰਜਾਬ ਦੇ ਕਿਸਾਨਾਂ ਦੀ ਜਬਰੀ ਖੋਹੀ ਜਾ ਰਹੀ ਜ਼ਮੀਨ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਅੰਨੇਵਾਹ ਲਾਠੀਚਾਰਜ ਅਤੇ ਨਜਾਇਜ਼ ਗਿਰਫ਼ਤਾਰੀਆਂ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜਿਲ੍ਹਾ ਇਕਾਈ ਮੋਗਾ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਜਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਅਤੇ ਜਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਕਿਹਾ ਬਠਿੰਡਾ ਜ਼ਿਲ੍ਹੇ ਦੇ ਦੋ ਪਿੰਡਾਂ ਦੁੱਨੇਵਾਲਾ ਤੇ ਸੇ ?ਰਗੜ ਵਿੱਚ ਪੰਜਾਬ ਸਰਕਾਰ ਵੱਲੋਂ ਜਬਰ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਤੜਕਸਾਰ ਚਾਰ ਵਜੇ ਪੁਲਿਸ ਪ੍ਰਸ਼ਾਸਨ ਵੱਲੋਂ ਪੀੜਤ ਕਿਸਾਨਾਂ ਦੀ ਨਜਾਇਜ਼ ਗ੍ਰਿਫ਼ਤਾਰੀ ਕੀਤੀ ਗਈ। ਇਸ ਤੋਂ ਬਾਅਦ ਖੇਤਾਂ ਵਿਚ ਜਾਕੇ ਕਣਕ ਉਜਾੜਕੇ ਕਬਜ਼ਾ ਕੀਤਾ ਗਿਆ। ਜੱਥੇਬੰਦੀ ਦੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ ਮੀਤ ਪ੍ਰਧਾਨ ਸਵਰਨਦਾਸ ਅਤੇ ਜਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ ਨੇ ਦੋਸ਼ ਲਾਇਆ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੀ ਚਾਕਰੀ ਕਰਨ ਵਿਚ ਗਲਤਾਨ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਤੋਂ ਜਬਰੀ ਜ਼ਮੀਨ ਖੋਹਕੇ ਆਪ ਸਰਕਾਰ ਵੱਲੋਂ ਆਪਣਾਂ ਲੋਕ ਵਿਰੋਧੀ ਖਾਸਾ ਜੱਗ ਜ਼ਾਹਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਲਈ ਬਣਾਈਆਂ ਜਾ ਰਹੀਆਂ ਮੁੱਲ ਦੀਆਂ ਸੜਕਾਂ ਤੇ ਕਿਸਾਨਾਂ ਦੇ ਟਰੈਕਟਰ ਜਾਂ ਲੋਕਾਂ ਦੇ ਛੋਟੇ ਸਾਧਨ ਨਹੀਂ ਚੱਲਣਗੇ ਸਗੋਂ ਵੱਡੇ ਕਾਰੋਬਾਰੀਆਂ ਦੀਆਂ ਟ੍ਰਾਂਸਪੋਰਟਾਂ ਚੱਲਣਗੀਆਂ। ਜਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਅਤੇ ਜਥੇਬੰਦਕ ਸਕੱਤਰ ਅਮਨਦੀਪ ਸਿੰਘ ਮਾਛੀਕੇ ਨੇ ਦੱਸਿਆ ਕਿ ਮੁਆਵਜ਼ਾ ਰਾਸ਼ੀ ਦੇਂਣ ਸਮੇਂ ਵੀ ਕਿਸਾਨਾਂ ਨਾਲ ਪੱਖ -ਪਾਤ ਕੀਤਾ ਜਾ ਰਿਹਾ ਹੈ। ਸੂਬਾ ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਤੇ ਲਾਠੀਚਾਰਜ ਕਰਨ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਕਿਸਾਨਾਂ ਦੀ ਮਰਜ਼ੀ ਬਗੈਰ ਜ਼ਮੀਨ ਬਿਲਕੁੱਲ ਨਾ ਖੋਹੀ ਜਾਵੇ। ਕਿਸਾਨ ਆਗੂਆਂ ਤੇ ਜਬਰ ਤਸ਼ੱਦਦ ਬੰਦ ਕੀਤਾ ਜਾਵੇ। ਉਨ੍ਹਾਂ ਭਰਾਤਰੀ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਕਿਸਾਨ ਅੰਦੋਲਨ ਦਾ ਹਿੱਸਾ ਬਣਨ ਦੀ ਅਪੀਲ ਵੀ ਕੀਤੀ।ਇਸ ਸਮੇਂ ਅਮਰਦੀਪ ਬੁੱਟਰ, ਜਗਜੀਤ ਸਿੰਘ ਰਣੀਆਂ, ਸਵਰਨਜੀਤ ਭਗਤਾ, ਨਰਿੰਦਰ ਸਿੰਘ, ਪ੍ਰੇਮ ਸਿੰਘ, ਮਧੂ ਬਾਲਾ ਅਤੇ ਮਮਤਾ ਕੌਸ਼ਲ ਆਦਿ ਜਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।



# ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੀ ਇਨੋਵੇਸ਼ਨ ਹੱਬ ਵਲੋਂ ਸਾਇੰਸ ਫ਼ੈਸਟ 2024 ਦਾ ਆਯੋਜਨ

## ਸਾਇੰਸ ਸਿਟੀ ਵਿਖੇ ਕਰਵਾਏ ਗਏ ਵਿਗਿਆਨ ਮੇਲੇ ਵਿੱਚ 400 ਤੋਂ ਵੱਧ ਵਿਦਿਆਰਥੀਆਂ ਨੇ ਲਿਆ ਹਿੱਸਾ

ਪੰਜਾਬ ਦਾ ਖੁਲਾਸਾ

**ਕਪੂਰਥਲਾ, 23 ਨਵੰਬਰ (ਕੌੜਾ)-** ਸਕੂਲੀ ਵਿਦਿਆਰਥੀਆਂ ਨੂੰ ਵਿਗਿਆਨ ਤੇ ਤਕਨਾਲੌਜੀ ਦੇ ਵੱਖ-ਵੱਖ ਖੇਤਰ ਦੇ ਕਰਾਜਸ਼ੀਲ ਮਾਡਲ ਵਿਕਸਿਤ ਕਰਨ, ਖੋਜਾਂ ਤੇ ਰਚਨਾਤਮਿਕ ਕਾਰਜਾਂ ਵੱਲ ਉਤਸ਼ਹਿਤ ਕਰਨ ਦੇ ਆਸ਼ੇ ਨਾਲ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੀ ਇਨੋਵੇਸ਼ਨ ਹੱਬ ਵਲੋਂ ਸਾਇੰਸ ਫ਼ੈਸਟ 2024 ਦਾ ਆਯੋਜਨ ਕੀਤਾ ਗਿਆ। ਇਸ ਵਿਗਿਆਨ ਮੇਲੇ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ 400 ਤੋਂ ਵੱਧ ਸਕੂਲੀ ਵਿਦਿਆਰਥੀਆਂ ਵੱਲੋਂ ਆਧੁਨਿਕ ਕਾਢਾਂ 'ਤੇ ਅਧਾਰਤ ਮਾਡਲ ਪ੍ਰਦਰਸ਼ਿਤ ਕੀਤੇ ਗਏ।



ਇਸ ਮੌਕੇ ਡਾ. ਨੀਲਿਮਾ ਜੇਰਥ ਸਾਬਕਾ ਡਾਇਰੈਕਟਰ ਜਨਰਲ ਸਾਇੰਸ ਸਿਟੀ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ ਅਤੇ ਉਨ੍ਹਾਂ ਆਪਣੇ ਸੰਬੋਧਨ ਦੌਰਾਨ ਵਿਕਾਸ ਤੇ ਤਕਨਾਲੌਜੀ ਦੇ ਅਟੁੱਟ ਰਿਸ਼ਤੇ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਤਕਨੀਕੀ ਵਿਕਾਸ, ਵਿਗਿਆਨ ਦੀ ਉਨਤੀ ਤੋਂ ਹੀ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨ ਤੇ ਤਕਨਾਲੌਜੀ ਨੇ ਨਾ ਸਿਰਫ਼ ਸਾਡੀ ਜ਼ਿੰਦਗੀ ਨੂੰ ਅਸਾਨ ਬਣਾਇਆ ਹੈ ਸਗੋਂ ਇਸ ਨਾਲ ਅਸੀਂ ਬੌਧਿਕ ਤੌਰ ਤੇ ਸਸ਼ਕਤ ਵੀ ਹੋਏ ਹਾਂ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆ ਕਿਹਾ ਕਿ ਵਿਕਸਿਤ ਅਰਥਵਿਵਸਥਾ ਰਚਨਾਤਮਿਕਤਾ ਤੇ ਨਵੀਨਤਾ ਦੇ ਪਿੱਛੇ ਇਕ ਪ੍ਰੇਰਿਕ ਵਜੋਂ ਕੰਮ ਕਰਦੀ ਹੈ ਜੋ ਸਫ਼ਲਤਾ ਅਤੇ ਤਰੱਕੀ ਲਈ ਬਹੁਤ ਜ਼ਰੂਰੀ ਹਨ।

ਇਸ ਮੌਕੇ ਸਾਇੰਸ ਸਿਟੀ ਦੇ ਡਾਇਰੈਕਟਰ ਡਾ. ਰਾਜੇਸ਼ ਗਰੋਵਰ ਨੇ ਸੰਬੋਧਨ ਕਰਦਿਆਂ ਅੱਜ ਦੇ ਗਤੀਸ਼ੀਲ ਸੰਸਾਰ ਵਿਚ ਨਵੀਨਤਾ ਅਤੇ ਰਚਨਾਤਮਿਕਤਾ ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਵਿਸ਼ਵੀਕਰਨ ਦੇ ਇਸ ਆਧੁਨਿਕ ਯੁੱਗ ਵਿਚ ਨਵੀਨਤਾ, ਸਥਾਈ ਵਿਕਾਸ ਅਤੇ ਮੁਕਾਬਲੇਬਾਜੀ ਲਈ ਇਕ ਮਹੱਤਵਪੂਰਨ ਚਾਲਕ ਬਣ ਚੁੱਕੀ ਹੈ।

ਰਚਨਾਤਮਿਕ ਅਤੇ ਨਵੀਨਤਕਾਰੀ ਦਿਮਾਂਗ ਹੀ ਇਕ ਅਜਿਹੀ ਸਮਰੱਥਾ ਤੇ ਸ਼ਕਤੀ ਰੱਖਦਾ ਹੈ, ਜਿਸ ਨਾਲ ਗੁੰਝਲਦਾਰ ਪ੍ਰਣਾਲੀਆਂ ਨੂੰ ਬਹੁਤ ਸਰਲ,ਸਪਸ਼ਟ ਅਤੇ ਲਾਗਤ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਥਾਈ ਵਿਕਾਸ ਸਿਰਫ਼ ਨਵੀਨਤਾਕਾਰੀ ਵਿਚਾਰ, ਨਵੇਂ ਉਤਪਾਦ ਅਤੇ ਨਵੇਂ ਮੌਕਿਆ ਨਾਲ ਹੀ ਸੰਭਵ ਹੈ। ਉਨ੍ਹਾਂ ਅਧਿਅਪਕਾਂ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਨੂੰ ਰੋਜ਼ਮਰਾਹ ਦੀ ਜ਼ਿੰਦਗੀ ਵਿਚ ਵਿਗਿਅਨਕ ਸਿਧਾਂਤਾਂ ਨੂੰ ਸਿੱਖਣ ਅਤੇ ਲਾਗੂ ਕਰਨ ਵੱਲ ਪ੍ਰੇਰਿਤ ਕਰੋ ਤਾਂ ਜੋ ਉਨ੍ਹਾਂ ਦੀ ਦਿਲਚਸਪੀ ਖੋਜਾਂ ਅਤੇ ਨਵੀਨਤਾ ਵੱਲ ਵਧੇ।

ਇਸ ਮੌਕੇ ਸਾਇੰਸ ਸਿਟੀ ਦੇ ਵਿਗਿਆਨੀ -ਡੀ ਰਿਤੇਸ਼ ਪਾਠਕ ਨੇ ਵਿਦਿਆਰਥੀਆਂ ਨੂੰ ਆਪਣੇ ਸਿਰਜਣਾਤਮਿਕ ਵਿਚਾਰਾਂ ਖੋਜਕਾਰਜਾਂ ਨੂੰ ਬਦਲਣ ਤੇ ਲਾਗੂ ਕਰਨ ਲਈ ਇਨੋਵੇਸ਼ਨ ਹੱਬ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ। ਥਾਪਰ ਯੂਨੀਵਰਸਿਟੀ ਪਟਿਆਲਾ ਦੇ ਡਾ. ਵਿਕਾਸ ਹਾਂਡਾ ਅਤੇ ਜੀ.ਐਨ.ਏ ਯੂਨੀਵਰਸਿਟੀ ਦੇ ਡਾ.ਅਨੁਰਾਗ ਸ਼ਰਮਾਂ ਨੇ ਵਿਦਿਆਰਥੀਆਂ ਵਲੋਂ ਤਿਆਰ ਕੀਤੇ ਗਏ ਖੋਜ਼ ਭਰਪੂਰ ਮਾਡਲਾਂ ਨਿਰੀਖਣ ਕੀਤਾ। ਇਸ ਵਿਗਿਆਨ ਮੇਲੇ ਇਨੋਸੈਂਟ ਹਾਰਟ ਸਕੂਲ ਲੁਹਾਰਾ ਜਲੰਧਰ(ਪ੍ਰੋਜੈਕਟ: ਰਿਵਾਈਵਲ ) ਨੇ ਪਹਿਲਾ ਜਦੋਂ ਕਿ ਸਰਵ ਹਿੱਤਕਾਰੀ ਵਿਦਿਆ ਮੰਦਰ ਭਿੱਖੀ ਅੰਮ੍ਰਿਤਸਰ ( ਪ੍ਰੋਜੈਕਟ:) ਕੰਟਰੋਲ ਏਆਰ ਪ੍ਰਦੂਸ਼ਣ) ਨੇ ਦੂਜਾ ਅਤੇ ਡੀ.ਏ.ਵੀ ਸੀਨੀਅਰ ਸੈਕੰਡਰੀ ਸਕੂਲ ਬੁੱਢਲਾਡਾ ਮਾਨਸਾ ( ਪ੍ਰੋਜੈਕਟ: ਡੇਵਿਨ ਏ.ਆਈ) ਨੇ ਤੀਜਾ ਇਨਾਮ ਜਿੱਤਿਆ।

# ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੈਰਾ ਬੈਡਮਿੰਟਨ ਤੇ ਪੈਰਾ ਅਥਲੈਟਿਕਸ ਦੇ ਜੇਤੂ ਮੇਲ ਖਿਡਾਰੀਆਂ ਨੂੰ ਮੈਡਲ ਪਾਕੇ ਕੀਤਾ ਸਨਮਾਨਿਤ

ਪੰਜਾਬ ਦਾ ਖੁਲਾਸਾ

**ਜੈਤੋ, 23 ਨਵੰਬਰ ( ਰਘੂਨੰਦਨ ਪਰਾਸ਼ਰ):** ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਇਸ ਵਾਰ ਖੇਡਾਂ ਵਤਨ ਪੰਜਾਬ ਦੀਆਂ ਦੇ ਨਾਲ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵੀ ਪਹਿਲੀ ਵਾਰ ਲੁਧਿਆਣਾ ਵਿਖੇ ਚੱਲ ਰਹੀਆਂ ਹਨ। ਪੰਜਾਬ ਸਰਕਾਰ ਦੇ ਖੇਡ ਵਿਭਾਗ ਪੰਜਾਬ ਵੱਲੋਂ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਸਹਿਯੋਗ ਨਾਲ ਪੈਰਾਂ ਖੇਡਾਂ ਵਤਨ ਪੰਜਾਬ ਦੀਆਂ 20 ਨਵੰਬਰ ਤੋਂ 25 ਨਵੰਬਰ ਤੱਕ ਖੇਡ ਸਟੇਡੀਅਮ ਲੁਧਿਆਣਾ ਵਿਖੇ ਸਫ਼ਲਤਾ ਪੂਰਵਕ ਚੱਲ ਜਾ ਰਹੀਆਂ ਹਨ, 20 ਤਰੀਕ ਨੂੰ ਖਿਡਾਰੀਆਂ ਦੀ ਕਲਾਸੀਫਿਕੈਸ਼ਨ ਕੀਤੀ ਗਈ ਅਤੇ 21 ਤੋਂ 23 ਨਵੰਬਰ ਤੱਕ ਮੁੰਡਿਆਂ ਦੇ ਪੈਰਾ ਅਥਲੈਟਿਕਸ 100 ਮੀਟਰ, 200 ਮੀਟਰ, 400 ਮੀਟਰ, 800,1500 ਮੀਟਰ,3000 ਮੀਟਰ, 5000 ਮੀਟਰ ਦੌੜਾਂ ਦੇ ਮੁਕਾਬਲੇ, ਸ਼ਾਟਪੁੱਟ, ਲੰਬੀ ਛਾਲ, ਉੱਚੀ ਛਾਲ, ਜੇਵੇਲਿਨ ਥਰੋ, ਪੈਰਾ ਬੈਡਮਿੰਟਨ, ਪੈਰਾ ਪਾਵਰ ਲਿਫਟਿੰਗ ਦੇ ਮੁਕਾਬਲੇ ਕਰਵਾਏ ਗਏ। ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਜਸਪ੍ਰੀਤ ਸਿੰਘ ਧਾਲੀਵਾਲ ਅਤੇ ਪੈਰਾ ਓਲੰਪਿਕ ਕਮੇਟੀ ਆਫ ਇੰਡੀਆ ਦੇ ਐਗਜੀਕਿਊਟਿਵ ਮੈਂਬਰ ਸ਼ਮਿੰਦਰ ਸਿੰਘ ਢਿੱਲੋ ਨੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਖੇਡਾਂ ਵਤਨ ਪੰਜਾਬ ਦੀਆਂ ਦੇ ਨਾਲ ਇਸ ਵਾਰ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵੀ ਕਰਵਾਉਣ ਲਈ ਧੰਨਵਾਦ ਕੀਤਾ। ਪ੍ਰਮੋਦ ਧੀਰ ਮੀਡੀਆ ਇੰਚਾਰਜ ਪੀ ਪੀ ਐੱਸ ਏ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਾਲ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਕਰਾਈਆਂ ਜਾਣ ਵਾਲੀਆਂ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੈਰਾ ਅਥਲੈਟਿਕਸ ,ਪੈਰਾ ਪਾਵਰ ਲਿਫਟਿੰਗ ਅਤੇ ਪੈਰਾ ਬੈਡਮਿੰਟਨ ਖੇਡਾਂ ਨੂੰ ਸ਼ਾਮਿਲ ਜੇਤੂ ਖਿਡਾਰੀਆਂ ਨੂੰ ਅੱਜ ਦਿੱਲੀ ਤੋਂ ਪੈਰਾ ਓਲੰਪਿਕ ਕਮੇਟੀ ਆਫ ਇੰਡੀਆ ਦੇ ਜੁਆਇੰਟ ਸੈਕਟਰੀ ਦਿਵਾਕਰ ਜੀ ਮੁੱਖ ਮਹਿਮਾਨ ਵਜੋਂ ਅਤੇ ਕੋਚ ਰਵਿੰਦਰ ਜੀ ਤੇ ਜ਼ਿਲਾ ਸਪੋਰਟਸ ਅਫ਼ਸਰ ਕੁਲਦੀਪ ਚੁੱਘ ਜੀ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਉਹਨਾਂ ਅੱਜ ਪੈਰਾ ਬੈਡਮਿੰਟਨ ਅਤੇ ਪੈਰਾ ਅਥਲੈਟਿਕਸ ਦੇ ਜੇਤੂ ਖਿਡਾਰੀਆਂ ਨੂੰ ਮੈਡਲ ਪਾਕੇ ਸਨਮਾਨਤ ਕੀਤਾ।ਇਸ ਮੌਕੇ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਅਹੁਦੇਦਾਰ ਪ੍ਰਧਾਨ ਚਰਨਜੀਤ ਸਿੰਘ ਬਰਾੜ, ਦਵਿੰਦਰ ਸਿੰਘ ਟਫੀ ਬਰਾੜ, ਡਾਕਟਰ ਰਮਨਦੀਪ ਸਿੰਘ, ਮੀਡੀਆ ਇੰਚਾਰਜ ਪ੍ਰਮੋਦ ਧੀਰ, ਜਗਰੂਪ ਸਿੰਘ ਸੂਬਾ ਬਰਾੜ, ਗੁਰਪ੍ਰੀਤ ਸਿੰਘ ਧਾਲੀਵਾਲ, ਜਸਇੰਦਰ ਸਿੰਘ ਢਿੱਲੋਂ, ਅਮਨਦੀਪ ਸਿੰਘ ਬਰਾੜ, ਡਾਕਟਰ ਲਕਸ਼ੀ, ਡਾਕਟਰ ਨਵਜੋਤ ਸਿੰਘ, ਸੁਖਜਿੰਦਰ ਸਿੰਘ, ਖੁਸ਼ਦੀਪ ਕੌਰ, ਕੋਚ ਗਗਨਦੀਪ ਸਿੰਘ ਆਦਿ ਨੇ ਵੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਪੈਰਾ ਖਿਡਾਰੀਆਂ ਨੂੰ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।ਪੈਰਾ ਬੈਡਮਿੰਟਨ ਵਿਚੋਂ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮਹਿਮਾਨ ਦਿਵਾਕਰ ਜੁਆਇੰਟ ਸਕੱਤਰ ਪੀ ਸੀ ਆਈ, ਜਸਪ੍ਰੀਤ ਸਿੰਘ ਧਾਲੀਵਾਲ ਜਨਰਲ ਸਕੱਤਰ ਪੀ ਪੀ ਐਸ ਸੀ, ਕੁਲਦੀਪ ਚੁੱਘ ਡੀ ਐੱਸ ਓ ਲੁਧਿਆਣਾ ਅਤੇ ਹੋਰ।



# ਜ਼ਿਲ੍ਹਾ ਸਿੱਖਿਆ ਅਧਿਕਾਰੀ ਪ੍ਰਾਇਮਰੀ ਦੁਆਰਾ ਸੀ ਈ ਪੀ ਸੰਬੰਧੀ ਸਕੂਲਾਂ ਦਾ ਨਿਰੀਖਣ

## ਗੈਰ ਹਾਜ਼ਰ ਹੋ ਰਹੇ ਵਿਦਿਆਰਥੀਆਂ ਦੀ ਹਾਜ਼ਰੀ ਲਈ ਅਧਿਆਪਕ ਯਤਨ ਕਰਨ - ਮਮਤਾ ਬਜਾਜ

ਪੰਜਾਬ ਦਾ ਖੁਲਾਸਾ

**ਕਪੂਰਥਲਾ, 23 ਨਵੰਬਰ (ਕੌੜਾ)-** ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀ ਸਿੱ) ਸ਼੍ਰੀਮਤੀ ਮਮਤਾ ਬਜਾਜ ਦੁਆਰਾ ਕਲੱਸਟਰ ਹਮੀਰਾ ਦੇ ਵੱਖ ਵੱਖ ਪ੍ਰਾਇਮਰੀ ਸਕੂਲਾਂ ਦਾ ਕੰਪੀਟੈਂਸੀ ਇੰਨਹਾਸਮੈਂਟ ਪਲਾਨ (ਸੀ ਈ ਪੀ) ਸੰਬੰਧੀ ਅਚਨਚੇਤ ਨਿਰੀਖਣ ਕੀਤਾ ਗਿਆ।



ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਬਜਾਜ ਦੁਆਰਾ ਅਧਿਆਪਕਾਂ ਨੂੰ ਇਸ ਦੌਰਾਨ ਵਿਸ਼ੇਸ ਹਦਾਇਤ ਕਰਦਿਆਂ ਤੀਸਰੀ ਜਮਾਤ ਦੀਆਂ ਓ ਐੱਮ ਆਰ ਸ਼ੀਟ, ਅਭਿਆਸ ਸ਼ੀਟ ਦੀ ਮਹੱਤਤਾ ਬਾਰੇ, ਪ੍ਰੈਕਟਿਸ ਟੈਸਟਾਂ ਨੂੰ ਕੇਵਲ ਬੱਚੇ ਦੇ ਨੰਬਰ ਇਕੱਠੇ ਕਰਨ ਦੀ ਹੋੜ ਤੋਂ ਬਚਾ ਕੇ ਰੱਖਣ, ਕਮਜ਼ੋਰ ਕੰਪੀਟੈਂਸੀ ਤੇ ਫੋਕਸ ਕਰਵਾਉਣ ਲਈ ਕਿਹਾ ਗਿਆ। ਇਸ ਤੋਂ ਇਲਾਵਾ ਹਰ ਅਭਿਆਸ ਸ਼ੀਟ ਵਿੱਚ ਕਮਜ਼ੋਰ ਰਹੀ ਕੰਪੀਟੈਂਸੀ ਲਈ ਵਿਸ਼ੇਸ਼ ਪ੍ਰਸ਼ਨਾਂ ਦੇ ਸੈੱਟ ਤਿਆਰ ਕਰਨ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਸਕੂਲਾਂ ਦੀ ਸਵੇਰ ਦੀ ਸਭਾ ਦੀਆਂ ਗਤੀਵਿਧੀਆਂ , ਮਿੱਡ ਡੇ ਮੀਲ ਦੀ ਸਾਫ ਸਫਾਈ, ਕੁਸ਼ਲਤਾ ਸਿੱਖਣ ਪਰਿਣਾਮ ਨੂੰ ਵਿਸ਼ੇਸ਼ ਤੌਰ ਤੇ ਦੇਖਿਆ ਗਿਆ। ਇਸ ਦੇ ਨਾਲ ਹੀ ਉਹਨਾਂ ਅਧਿਆਪਕਾਂ ਨੂੰ ਤੀਸਰੀ ਜਮਾਤ ਦੇ ਜੋ ਵਿਦਿਆਰਥੀ ਗੈਰ ਹਾਜ਼ਰ ਹਨ। ਉਹਨਾਂ ਦੀ ਸਕੂਲ ਵਿੱਚ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਯਤਨ ਕਰਨ ਲਈ ਕਿਹਾ। ਉਹਨਾਂ 4 ਦਸੰਬਰ ਨੂੰ ਹੋ ਰਹੇ ਰਾਸ਼ਟਰੀ ਪਰਖ ਸਰਵੇਖਣ ਤੇ ਸਮੂਹ ਅਧਿਆਪਕਾਂ ਨੂੰ ਵਿਸ਼ੇਸ਼ ਧਿਆਨ ਕੇਂਦਰਿਤ ਕਰਨ ਲਈ ਹਦਾਇਤ ਕੀਤੀ।



# ਜਿਮਨੀ ਚੋਣਾਂ ਵਿੱਚ ਹੋਈ ਜਿੱਤ ਤੇ ਹਲਕਾ ਵਿਧਾਇਕ ਭੁੱਚੋ ਮੰਡੀ ਨੇ ਦਿੱਤੀ ਵਧਾਈ

ਪੰਜਾਬ ਦਾ ਖੁਲਾਸਾ

**ਬਠਿੰਡਾ, 23 ਨਵੰਬਰ (ਰਾਮ ਸਿੰਘ ਕਲਿਆਣ)-** ਪੰਜਾਬ ਵਿੱਚ ਚਾਰ ਹਲਕਿਆਂ ਵਿੱਚ ਹੋਈਆਂ ਜਿਮਨੀ ਚੋਣਾਂ ਵਿੱਚੋਂ ਤਿੰਨ ਹਲਕਿਆ ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਹੋਈ ਜਿੱਤ ਤੇ ਹਲਕਾ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਮੂਹ ਇਲਾਕਾ ਨਿਵਾਸੀਆਂ ਅਤੇ ਨਵੇ ਚੁਣੇ ਸਾਥੀ ਵਿਧਾਇਕਾ ਨੂੰ ਵਧਾਈ ਦਿੱਤੀ ਅਤੇ ਵੋਟਰਾਂ ਦਾ ਧੰਨਵਾਦ ਕੀਤਾ।

# ਜਲੰਧਰ ਵਿੱਚ ਬੱਸ ਦਾ ਭਿਆਨਕ ਐਕਸੀਡੈਂਟ, ਇੱਕ ਦੀ ਮੌਤ ,ਕਈ ਜ਼ਖ਼ਮੀ

ਪੰਜਾਬ ਦਾ ਖੁਲਾਸਾ

**ਜਲੰਧਰ 23 ਨਵੰਬਰ (ਅਮ੍ਰਿਤਪਾਲ ਸਿੰਘ)** ਜਲੰਧਰ ਦੇ ਭੋਗਪੁਰ 'ਚ ਵਾਪਰੇ ਭਿਆਨਕ ਸੜਕ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜੰਮੂ ਦੇ ਰਹਿਣ ਵਾਲੇ ਦਿਨੇਸ਼ ਸ਼ਰਮਾ ਵਜੋਂ ਹੋਈ ਹੈ। ਜਿਸ ਦੀ ਉਮਰ 45 ਸਾਲ ਦੇ ਕਰੀਬ ਹੈ।ਦਿਨੇਸ਼ ਦਿੱਲੀ ਤੋਂ ਜੰਮੂ ਪਰਤ ਰਿਹਾ ਸੀ। ਇਹ ਹਾਦਸਾ ਭੋਗਪੁਰ ਦੇ ਪਚਰੰਗਾ ਅੱਡੇ ਕੋਲ ਵਾਪਰਿਆ।ਪੁਲਿਸ ਨੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਇਸ ਘਟਨਾ 'ਚ ਬੱਸ ਦਾ ਡਰਾਈਵਰ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ, ਜਿਸ ਦਾ ਇਲਾਜ ਚੱਲ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਅੱਜ ਤੜਕੇ ਵਾਪਰਿਆ। ਜਦੋਂ ਇਹ ਬੱਸ ਜਲੰਧਰ ਪਠਾਨਕੋਟ ਹਾਈਵੇਅ 'ਤੇ ਸਥਿਤ ਪਚਰੰਗਾ ਅੱਡੇ ਨੇੜੇ ਪਹੁੰਚੀ ਤਾਂ ਕਿਸੇ ਅਣਪਛਾਤੇ ਵਾਹਨ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਅੰਦਰ ਸੌਂ ਰਿਹਾ ਦਿਨੇਸ਼ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਘਟਨਾ ਦੇ ਸਮੇਂ ਬੱਸ ਦੇ ਅੰਦਰ ਕਰੀਬ 20 ਤੋਂ 25 ਯਾਤਰੀ ਬੈਠੇ ਸਨ।ਪਰ ਦਿਨੇਸ਼ ਨੂੰ ਸਭ ਤੋਂ ਵੱਧ ਸੱਟ ਲੱਗੀ। ਜਿਸ ਤੋਂ ਬਾਅਦ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।



ਪ੍ਰਾਪਤ ਜਾਣਕਾਰੀ ਅਨੁਸਾਰ ਘਟਨਾ ਸਮੇਂ ਬੱਸ ਵਿੱਚ 20 ਤੋਂ 25 ਦੇ ਕਰੀਬ ਸਵਾਰੀਆਂ ਮੌਜੂਦ ਸਨ। ਸਾਰਿਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਦਿਨੇਸ਼ ਅਤੇ ਬੱਸ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ। ਡਰਾਈਵਰ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਬਾਕੀ ਯਾਤਰੀਆਂ ਨੂੰ ਮਾਮੂਲੀ ਇਲਾਜ ਤੋਂ ਬਾਅਦ ਰਵਾਨਾ ਕਰ ਦਿੱਤਾ ਗਿਆ।

# ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਸੰਸਦੀ ਕਮੇਟੀ ਤੋਂ ਅਡਾਨੀ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ

ਪੰਜਾਬ ਦਾ ਖੁਲਾਸਾ

**ਜਲੰਧਰ 23 ਨਵੰਬਰ (ਅਮ੍ਰਿਤਪਾਲ ਸਿੰਘ)** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਡਾਨੀ ਮਾਮਲੇ 'ਚ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਇਸ ਮਾਮਲੇ ਦੀ ਸੰਸਦੀ ਕਮੇਟੀ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਵੜਿੰਗ ਨੇ ਸੇਬੀ ਮੁਖੀ ਦੀ ਨਿਯੁਕਤੀ 'ਤੇ ਵੀ ਸਵਾਲ ਉਠਾਏ ਹਨ। ਜਲੰਧਰ 'ਚ ਪੰਜਾਬ ਪ੍ਰੈੱਸ ਕਲੱਬ ਪਹੁੰਚੇ ਰਾਜਾ ਵੜਿੰਗ ਨੇ ਕਿਹਾ ਕਿ ਲਗਭਗ ਦੋ ਸਾਲ ਪਹਿਲਾਂ ਹਿੰਡਨਬਰਗ ਤੋਂ ਰਿਪੋਰਟ ਆਈ ਸੀ।ਉਸ ਸਮੇਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੰਸਦ 'ਚ 20 ਹਜ਼ਾਰ ਕਰੋੜ ਰੁਪਏ ਦੇ ਘੁਟਾਲੇ ਦੀ ਗੱਲ ਕੀਤੀ ਸੀ। ਗੈਰ-ਕਾਨੂੰਨੀ ਢੰਗ ਨਾਲ ਪੈਸਾ ਡਾਇਵਰਟ ਕਰਕੇ ਸ਼ੇਅਰ ਦੀ ਕੀਮਤ ਵਿੱਚ ਹੇਰਾ-ਫੇਰੀ ਕੀਤੀ ਗਈ ਸੀ। ਸਾਰੇ ਤੱਥ ਹਿੰਡਨਬਰਗ ਦੀ ਰਿਪੋਰਟ ਵਿੱਚ ਦਰਜ ਸਨ। ਕਾਂਗਰਸ ਨੇ ਵੀ ਇਸ ਸਬੰਧੀ ਹੰਗਾਮਾ ਕੀਤਾ ਅਤੇ ਮੰਗ ਕੀਤੀ ਕਿ ਇਸ ਮਾਮਲੇ ਦੀ ਸੰਸਦੀ ਕਮੇਟੀ ਦੀ ਟੀਮ ਤੋਂ ਜਾਂਚ ਕਰਵਾਈ ਜਾਵੇ। ਰਾਜਾ ਵੜਿੰਗ ਨੇ ਕਿਹਾ ਕਿ ਜਦੋਂ ਮਾਮਲਾ ਅਦਾਲਤ ਵਿੱਚ ਪਹੁੰਚਿਆ ਤਾਂ ਜਾਂਚ ਸੇਬੀ ਨੂੰ ਸੌਂਪ ਦਿੱਤੀ ਗਈ। ਜਦੋਂ ਸੇਬੀ ਨੇ ਜਾਂਚ ਕੀਤੀ ਤਾਂ ਇਹ ਸਾਹਮਣੇ ਆਇਆ ਕਿ ਸੇਬੀ ਨੇ ਅਡਾਨੀ ਨੂੰ ਕਲੀਨਚਿਟ ਦਿੱਤੀ ਸੀ। ਸੇਬੀ ਦੇ ਸਾਬਕਾ ਮੁਖੀ ਮਾਧਬੀ ਪੁਰੀ ਬੁਚ ਨੇ ਕਰੀਬ 6 ਮਹੀਨੇ ਇਸ ਦੀ ਜਾਂਚ ਕੀਤੀ। ਉਨ੍ਹਾਂ ਬੁੱਚ ਦੀ ਨਿਯੁਕਤੀ 'ਤੇ ਵੀ ਸਵਾਲ ਖੜ੍ਹੇ ਕੀਤੇ। ਵੜਿੰਗ ਨੇ ਕਿਹਾ ਕਿ ਮੁਹੰਮਦ ਗਜ਼ਨੀ ਨੇ ਦੇਸ਼ ਨੂੰ ਨਹੀਂ ਲੁੱਟਿਆ, ਇਸ ਦਾ ਬਹੁਤਾ ਹਿੱਸਾ ਗੌਤਮ ਅਡਾਨੀ ਨੇ ਲੁੱਟਿਆ ਹੈ।



ਚਾਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਇੱਕ ਦਿਨ ਪਹਿਲਾਂ ਵੜਿੰਗ ਨੇ ਕਿਹਾ ਕਿ ਉਹ ਹਾਲ ਹੀ ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਮਾਨ ਦੇ '13-0' ਦੇ ਰੌਲੇ ਵਾਂਗ 4-0 ਨਹੀਂ ਕਹਿਣਾ ਚਾਹੁੰਦੇ ਪਰ ਉਨ੍ਹਾਂ ਨੂੰ ਭਰੋਸਾ ਹੈ ਕਿ ਕਾਂਗਰਸ ਪਾਰਟੀ ਚੰਗਾ ਪ੍ਰਦਰਸ਼ਨ ਕਰੇਗੀ। ਉਨ੍ਹਾਂ ਨਾਲ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ। ਸੂਬੇ ਵਿੱਚ ਨਿੱਤ ਕਤਲੋਗਾਰਤ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇੱਥੇ ਅਮਨ ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਰਹੀ।

# ਸੰਤ ਮਿੱਤ ਸਿੰਘ ਜੀ ਦੀ 74 ਵੀਂ ਬਰਸੀ ਅਤੇ ਸੰਤ ਜੋਰਾ ਸਿੰਘ ਜੀ ਲੋਪੋਂ ਵਾਲਿਆਂ ਦੀ 19 ਵੀਂ ਬਰਸੀ ਤੇ ਨੌਵੀਂ ਲੜੀ ਦੇ ਸ਼੍ਰੀ ਅਖੰਡ ਸਾਹਿਬ ਜੀ ਹੋਏ ਪ੍ਰਕਾਸ਼

ਪੰਜਾਬ ਦਾ ਖੁਲਾਸਾ

**ਬੱਧਨੀ ਕਲਾਂ, 23 ਨਵੰਬਰ (ਪ ਪ )** ਸੰਤ ਆਸ਼ਰਮ ਲੋਪੋ ਵਿਖੇ ਸੰਤ ਮਿੱਤ ਸਿੰਘ ਜੀ ਲੋਪੋਂ ਵਾਲਿਆਂ ਦੀ 74 ਵੀਂ ਸਲਾਨਾ ਬਰਸੀ ਸਮਾਗਮ 1 ਦਸਬਰ ਅਤੇ ਸੰਤ ਜ਼ੋਰਾ ਸਿੰਘ ਜੀ ਲੋਪੋਂ ਵਾਲਿਆਂ ਦੀ 19 ਵੀਂ ਸਲਾਨਾ ਬਰਸੀ ਸਮਾਗਮ 3 ਦਸੰਬਰ ਨੂੰ ਮੁੱਖ ਰੱਖਦਿਆਂ ਨੌਵੀਂ ਲੜੀ ਦੇ ਸ਼੍ਰੀ ਅਖੰਡ ਸਾਹਿਬ ਜੀ ਪ੍ਰਕਾਸ਼ ਹੋਏ ਹਨ। ਇਸ ਮੌਕੇ ਸੰਤ ਆਸ਼ਰਮ ਲੋਪੋਂ ਦੇ ਮੁੱਖ ਸੇਵਾਦਾਰ ਸੰਤ ਜਗਜੀਤ ਸਿੰਘ ਜੀ ਲੋਪੋਂ ਵਾਲੇ ਅਤੇ ਸਮੂਹ ਸੰਗਤਾਂ ਹਾਜਰ ਸਨ। ਇੰਨਾ ਸਮਾਗਮਾਂ ਨੂੰ ਮੁੱਖ ਰੱਖਦਿਆ ਗੁਰੂ ਕੇ ਲੰਗਰ 24 ਘੰਟੇ ਨਿਰੰਤਰ ਚੱਲ ਰਹੇ ਹਨ। ਇਸ ਸਮੇਂ ਭਗੀਰਥ ਸਿੰਘ ਲੋਪੋ ,ਸੁਖਚੈਨ ਸਿੰਘ ਫੂਲੇਵਾਲਾ ,ਮੈਂਬਰ ਹਰਦੇਵ ਸਿੰਘ ਬੀੜ ਰਾਊਕੇ ,ਮਨਜੀਤ ਸਿੰਘ ਇੰਗਲੈਂਡ ,ਮਾਸਟਰ ਸ਼ਮਸ਼ੇਰ ਸਿੰਘ ਪੁੜੈਣ , ਭੋਲਾ ਸਿੰਘ ਭਦੌੜ ,ਗੁਰਮੀਤ ਸਿੰਘ ਭਦੌੜ ,ਧਨਵੰਤ



ਸਿੰਘ ਕਲਕੱਤਾ ,ਦਵਿੰਦਰ ਸਿੰਘ ਕਨੇਡਾ ,ਜਗਦੇਵ ਸਿੰਘ ਕਨੇਡਾ ,ਬਿੱਕਰ ਸਿੰਘ ਰਸੂਲਪੁਰ ,ਜਸਵਿੰਦਰ ਸਿੰਘ ,ਪਾਲ ਸਿੰਘ ਰਸੂਲਪੁਰ ,ਸਤਨਾਮ ਸਿੰਘ ਜਗਰਾਓ ,ਗੁਰਪ੍ਰੀਤ ਸਿੰਘ ਮੋਰਿੰਡਾ ,ਸਿਬਲ ਸਿੰਘ ਫੂਲੇਵਾਲਾ ,ਗੁਰਮੇਲ ਸਿੰਘ ਫੂਲੇਵਾਲਾ ,ਹਰਭਜਨ ਸਿੰਘ ਗੁਰੂਸਰ ਕੌਂਕੇ ,ਸੁਖਜਿੰਦਰ ਸਿੰਘ ਆਸਟਰੇਲੀਆ ਮਹਿੰਦਰ ਸਿੰਘ ਅਸਟਰੇਲੀਆ ਅਜੀਤ ਸਿੰਘ ਅਕਾਲਗੜ੍ਹ ,ਦਰਸ਼ਨ ਸਿੰਘ ਬਿਲਾਸਪੁਰ ,ਅਜੀਤ ਸਿੰਘ ਦਿੱਲੀ ,ਗੁਰਪ੍ਰੀਤ ਸਿੰਘ ਢਿੱਲਵਾਂ ਅਮਰੀਕਾ ,ਰਾਏ ਬਰਿੰਦਰ ਸਿੰਘ ਨਿਊਜ਼ੀਲੈਂਡ ,ਕੁਲਦੀਪ ਸਿੰਘ ਭਦੌੜ ,ਕਰਤਾਰ ਸਿੰਘ ਲੋਪੋ ,ਸੁਖਚੈਨ ਸਿੰਘ ਘੋਲੀਆ ,ਮੈਂਬਰ ਗੁਰਮੀਤ ਸਿੰਘ ਲੋਪੋ ,ਗੁਰਚਰਨ ਸਿੰਘ ਲੋਪੋ ,ਪਿਰਤਪਾਲ ਸਿੰਘ , ਜਗਜੀਤ ਸਿੰਘ ਜੱਗਾ ਲੋਪੋ ,ਹਰਨਾਮ ਸਿੰਘ ਨਾਮਾ ,ਮਨਪ੍ਰੀਤ ਸਿੰਘ ਮੰਤਰੀ ,ਗਿਆਨੀ ਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਤਿੰਨ ਸਾਲਾਂ ਤੋਂ ਪੁਲਿਸ ਨੂੰ ਚਕਮਾ ਦੇ ਰਹੇ ਗੈਂਗਸਟਰ ਨੂੰ ਜਲੰਧਰ ਦਿਹਾਤੀ ਪੁਲਿਸ ਨੇ ਕੀਤਾ ਕਾਬੂ

ਪੰਜਾਬ ਦਾ ਖੁਲਾਸਾ

**ਜਲੰਧਰ 23 ਨਵੰਬਰ (ਅਮ੍ਰਿਤਪਾਲ ਸਿੰਘ )**ਜਲੰਧਰ ਦਿਹਾਤੀ ਪੁਲੀਸ ਨੇ ਅੱਜ ਇੱਕ ਗੈਂਗਸਟਰ ਨੂੰ ਗ੍ਰਿਫਤਾਰ ਕੀਤਾ ਹੈ ਜੋ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧ ਹੋਣ ਦਾ ਦਾਅਵਾ ਕਰਦਾ ਸੀ। ਉਸ ਨੇ ਇੱਕ ਪਰਿਵਾਰ ਤੋਂ ਕਥਿਤ ਤੌਰ 'ਤੇ 30 ਲੱਖ ਰੁਪਏ ਦੀ ਫਿਰੌਤੀ ਦੀ ਕੋਸ਼ਿਸ਼ ਕੀਤੀ ਤੇ ਉਹ 2021 ਤੋਂ ਗ੍ਰਿਫਤਾਰੀ ਤੋਂ ਬਚ ਰਿਹਾ ਸੀ। ਐਸਐਸਪੀ ਜਲੰਧਰ ਦਿਹਾਤੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਨਕੋਦਰ ਪੁਲੀਸ ਨੇ ਡੂੰਘਾਈ ਨਾਲ ਤਫ਼ਤੀਸ਼ ਅਤੇ ਨਿਗਰਾਨੀ ਤੋਂ ਬਾਅਦ ਇਹ ਅਹਿਮ ਸਫਲਤਾ ਹਾਸਲ ਕੀਤੀ ਹੈ।ਉਨਾ ਦੱਸਿਆ ਕਿ ਇਹ ਮਾਮਲਾ ਸਤੰਬਰ 2021 ਦਾ ਹੈ, ਜਦੋਂ ਮੁਲਜ਼ਮ ਨੇ ਦਰਸ਼ਨ ਲਾਲ ਦੀ ਪਤਨੀ ਰਾਣੋ ਨੂੰ ਵਟਸਐਪ ਕਾਲ ਕੀਤੀ ਅਤੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧ ਹੋਣ ਦਾ ਦਾਅਵਾ ਕਰਦੇ ਹੋਏ ਅਤੇ ਉਸ ਦੇ ਪੁੱਤਰ ਸ਼ੇਰ ਕੁਮਾਰ ਨੂੰ ਮਾਰਨ ਦੀ ਧਮਕੀ ਦਿੰਦੇ ਹੋਏ 30 ਲੱਖ ਰੁਪਏ ਦੀ ਮੰਗ ਕੀਤੀ। ਗਰੋਹ ਦੇ ਪੰਜ ਹੋਰ ਮੈਂਬਰ ਸਨ। ਮੁਲਜ਼ਮ ਦੀ ਪਛਾਣ ਵਿਸ਼ਾਲ ਸਭਰਵਾਲ ਉਰਫ਼ ਭਾਰੂ ਵਾਸੀ ਮੁਹੱਲਾ ਰਿਸ਼ੀ ਨਗਰ ਨਕੋਦਰ ਵਜੋਂ ਹੋਈ ਹੈ। ਐਸਐਸਪੀ ਖੱਖ ਨੇ ਦੱਸਿਆ ਕਿ ਇਸ ਕੇਸ ਦੇ ਸਬੰਧ ਵਿੱਚ ਪੰਜ ਹੋਰ ਮੁਲਜ਼ਮ ਅੰਕੁਸ਼ ਉਰਫ ਭਈਆ, ਮੁਹੰਮਦ ਯਾਸੀਨ ਅਖਤਰ ਉਰਫ ਜੇਸੀ, ਗਗਨਦੀਪ ਸਿੰਘ ਉਰਫ ਬੱਬੂ, ਰੋਹਿਤ ਅਤੇ ਕਰਨੈਲ ਸਿੰਘ ਉਰਫ ਬੌਬੀ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ। ਐਸਐਸਪੀ ਨੇ ਕਿਹਾ ਕਿ ਮੁਲਜ਼ਮ ਦਾ ਪਿਛੋਕੜ ਅਪਰਾਧਿਕ ਹੈ ਅਤੇ ਹੋਰ ਪੁੱਛਗਿੱਛ ਲਈ ਪੁਲੀਸ ਰਿਮਾਂਡ ਦੀ ਮੰਗ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਸ਼ਾਲ ਸਭਰਵਾਲ ਖ਼ਿਲਾਫ਼ ਕਈ ਕੇਸ ਦਰਜ ਹਨ।




# ਕਿਸਾਨਾਂ ਉੱਤੇ ਜਬਰ ਕਰਨ ਦੀ ਬਜਾਏ ਸਰਕਾਰ ਦੇਵੇ ਜਮੀਨ ਦਾ ਯੋਗ ਭਾਅ - ਹਰਸਿਰਮਤ ਕੌਰ ਬਾਦਲ

ਪੰਜਾਬ ਦਾ ਖੁਲਾਸਾ

**ਬਠਿੰਡਾ, 23 ਨਵੰਬਰ (ਰਾਮ ਸਿੰਘ ਕਲਿਆਣ)-** ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਦੁੰਨੇਵਾਲਾ ਵਿਖੇ ਕਿਸਾਨਾਂ ਤੇ ਹੋਏ ਲਾਠੀ ਚਾਰਜ ਦਾ ਵਿਰੋਧ ਕਰਦਿਆਂ ਕਿਹਾ ਕਿ ਕਿਸਾਨਾਂ ਉੱਤੇ ਅੱਥਰੂ ਗੈਸ ਅਤੇ ਲਾਠੀ ਚਾਰਜ ਦੀ ਵਰਤੋਂ ਕਰਨ ਦੀ ਬਜਾਏ ਸਰਕਾਰ ਵੱਲੋ ਉਹਨਾਂ ਨੂੰ ਜਮੀਨ ਦੇ ਯੋਗ ਭਾਅ ਦਿੱਤਾ ਜਾਵੇ। ਉਨਾ ਕਿਹਾ ਕਿ ਹੈਰਾਨ ਕਰਨ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਪੁਲਿਸ ਨੇ ਅੱਜ ਬਠਿੰਡਾ ਦੇ ਦੁਨੇਵਾਲਾ ਵਿਖੇ ਕਿਸਾਨਾਂ 'ਤੇ ਅੱਥਰੂ ਗੈਸ ਸੁੱਟ ਕੇ ਲਾਠੀਚਾਰਜ ਵੀ ਕੀਤਾ ਜਦਕਿ ਕਿਸਾਨ ਵੀਰ ਸ਼ਾਂਤਮਈ ਰੀਕੇ ਨਾਲ ਭਾਰਤਮਾਲਾ ਪ੍ਰੋਜੈਕਟ ਦੇ ਤਹਿਤ ਅਕਵਾਇਰ ਕੀਤੀਆਂ ਜਾ ਰਹੀਆਂ ਉਹਨਾਂ ਦੀਆਂ ਜਮੀਨਾਂ ਦੇ ਪੂਰੇ ਭਾਅ ਲੈਣ ਲਈ ਸੰਘਰਸ਼ ਕਰ ਰਹੇ ਹਨ। ਉਨਾ ਕਿਹਾ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ 'ਤੇ ਅੱਤਿਆਚਾਰ ਕਰਨ ਦੀ ਬਜਾਇ ਸਰਕਾਰ ਜ਼ਮੀਨ ਦੀ ਸਹੀ ਕੀਮਤ ਅਦਾ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਕਿਸਾਨ ਵੀਰ ਸੰਤੁਸ਼ਟ ਹੋਣ। ਜਿਕਰਯੋਗ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਤਿੰਨ ਪਿੰਡਾਂ ਦੁਨੇਵਾਲਾ, ਭਗਵਾਨਗੜ੍ਹ ਅਤੇ ਸ਼ੇਰਗੜ੍ਹ ਦੇ ਰਕਬੇ ਵਿੱਚੋਂ ਲੰਘਣ ਵਾਲੀ ਭਾਰਤ ਮਾਲਾ ਹਾਈਵੇ ਸਬੰਧੀ ਅਕਵਾਇਰ ਕੀਤੀ ਜਮੀਨ ਦੇ ਯੋਗ ਭਾਅ ਲੈਣ ਲਈ ਪਿਛਲੇ ਲੰਬੇ ਸਮੇਂ ਤੋਂ ਕਿਸਾਨ ਸੰਘਰਸ਼ ਕਰ ਰਹੇ ਹਨ। ਬੀਤੇ ਕੱਲ ਜਿਮਨੀ ਚੋਣਾਂ ਖਤਮ ਹੁੰਦਿਆਂ ਹੀ ਬਠਿੰਡਾ ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨਾਂ ਦੇ ਲੱਗੇ ਮੋਰਚੇ ਨੂੰ ਪੱਟ ਦਿੱਤਾ ਸੀ ਅਤੇ ਕਿਸਾਨਾਂ ਤੇ ਅੱਥਰੂ ਗੈਸ ਅਤੇ ਲਾਠੀ ਚਾਰਜ ਦੀ ਵਰਤੋਂ ਕੀਤੀ ਸੀ।





# ਪੰਜਾਬ ਵਿੱਚ ਜਿਮਨੀ ਚੋਣ ਦੌਰਾਨ ਆਪ ਦੀ ਸ਼ਾਨਦਾਰ ਜਿੱਤ ਨੂੰ ਲੈ ਕੇ ਆਪ ਵਰਕਰਾਂ ਨੇ ਇੱਕ ਦੂਜੇ ਨੂੰ ਦਿੱਤੀਆਂ ਵਧਾਈਆਂ

ਪੰਜਾਬ ਦਾ ਖੁਲਾਸਾ

**ਮਮਦੋਟ 23 ਨਵੰਬਰ (ਹਰਪ੍ਰੀਤ ਸਿੰਘ ਹੈਪੀ)** ਪੰਜਾਬ ਵਿੱਚ ਜਿਮਨੀ ਚੋਣਾਂ ਦੌਰਾਨ ਚਾਰ ਹਲਕਿਆਂ ਦੇ ਵਿੱਚੋਂ ਤਿੰਨ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਖੁਸ਼ੀ ਸਾਂਝੀ ਕਰਦਿਆਂ ਹੋਇਆਂ ਇੱਕ ਦੂਜੇ ਦੇ ਮੂੰਹ ਵਿੱਚ ਲੱਡੂ ਪਾ ਕੇ ਮੂੰਹ ਮਿੱਠਾ ਕਰਵਾਇਆ ਅਤੇ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਨੂੰ ਵਰਕਰ ਸਾਹਿਬਾਨਾਂ ਨੇ ਵਧਾਈਆਂ ਦਿੱਤੀਆਂ ਅਤੇ ਅਤੇ ਵੋਟਰਾਂ ਦਾ ਵੀ ਧੰਨਵਾਦ ਕੀਤਾ ਇਸ ਮੌਕੇ ਹਾਜ਼ਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਬਾਬਾ ਦਲਜੀਤ ਸਿੰਘ, ਬਲਵੀਰ ਸਿੰਘ ਜਲੋ ਕੇ, ਸ਼ਿੰਗਾਰਾ ਸਿੰਘ, ਡਾਕਟਰ ਦਲਜੀਤ ਸਿੰਘ, ਸੰਜੀਵ ਧਵਨ ਚਿੰਟੂ, ਸੰਦੀਪ ਕੁਮਾਰ ਸੋਨੀ ਵਾਰਡ ਨੰਬਰ ਪੰਜ, ਅਵਤਾਰ ਸਿੰਘ ਖਾਰਾ, ਹਰਪ੍ਰੀਤ ਸਿੰਘ , ਜਸਵਿੰਦਰ ਸਿੰਘ ਭੱਟੀਆਂ,ਬਲਵਿੰਦਰ ਸਿੰਘ, ਹੋਰ ਵੀ ਹਾਜ਼ਰ ਸਨ।

# 25 ਤੋਂ 30 ਨਵੰਬਰ ਤੱਕ ਚਲਾਇਆ ਜਾਵੇਗਾ ਵਿਸ਼ੇਸ਼ ਟੀਕਾਕਰਨ ਅਭਿਆਨ -ਸਿਵਲ ਸਰਜਨ

ਪੰਜਾਬ ਦਾ ਖੁਲਾਸਾ



**ਫਤਿਹਗੜ੍ਹ ਸਾਹਿਬ 23 ਨਵੰਬਰ ( ਜੇ ਐਸ ਖੰਨਾ )** ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਡਾ. ਹਿਤਿੰਦਰ ਕੌਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦਿਸ਼ਾ ਨਿਰਦੇਸ਼ਾਂ ਹੇਠ ਜਿਲੇ ਅੰਦਰ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਅੰਦਰ 25 ਨਵੰਬਰ ਤੋਂ 30 ਨਵੰਬਰ ਤੱਕ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਜਾ ਰਿਹਾ ਹੈ। ਇਸ ਮੁਹਿੰਮ ਤਹਿਤ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆ ਅਤੇ ਗਰਭਵਤੀ ਔਰਤਾਂ ਨੂੰ (ਖਾਸ ਕਰਕੇ ਪੰਜਾਬ ਵਿੱਚ ਕੰਮ ਕਰਨ ਆਏ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆ) ਨੂੰ ਬਿਮਾਰੀਆਂ ਤੋਂ ਬਚਾਅ ਸਬੰਧੀ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾ ਰਹੀ ਹੈ।ਇਸ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਹਫਤਾ ਭਰ ਚੱਲਣ ਵਾਲੀ ਇਸ ਮੁਹਿੰਮ ਦੀ ਅਗਵਾਈ ਜਿਲਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ ਵੱਲੋਂ ਕੀਤੀ ਜਾਵੇਗੀ ਜੋ ਜ਼ਿਲਾ ਭਰ ਵਿੱਚ ਗਠਿਤ ਕੀਤੀਆਂ ਸਿਹਤ ਵਿਭਾਗ ਦੀਆਂ ਟੀਮਾਂ ਦੀ ਚੈਕਿੰਗ ਵੀ ਕਰਨਗੇ। ਉਹਨਾ ਇਹ ਵੀ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜਿਲ੍ਹੇ ਭਰ ਵਿੱਚ 20 ਨਵੰਬਰ ਘਰ ਘਰ ਜਾਕੇ ਡਰਾਪ ਆਊਟ ਅਤੇ ਲੈਫਟ ਆਊਟ ਬੱਚਿਆਂ ਤੇ ਗਰਭਵਤੀ ਔਰਤਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ ਤਾਂ ਕਿ ਇਸ ਮੁਹਿੰਮ ਦੌਰਾਨ ਕੋਈ ਵੀ ਬੱਚਾ ਜਾਂ ਗਰਭਵਤੀ ਔਰਤ ਟੀਕਾਕਰਨ ਤੋਂ ਵਾਂਝਾ ਨਾ ਰਹਿ ਜਾਵੇ। ਡਾ ਰਾਜੇਸ਼ ਕੁਮਾਰ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਉੱਚ ਜੋਖਮ ਵਾਲੇ ਖੇਤਰਾਂ, ਘਰਾਂ ਵਿੱਚ ਨਵ ਜਨਮੇ ਬੱਚੇ, ਝੁੱਗੀਆਂ ਝੌਂਪੜੀਆਂ, ਖਸਰਾ ਅਤੇ ਵੀਪੀਡੀ ਦੇ ਫੈਲਣ ਵਾਲੇ ਖੇਤਰ, ਅਨਾਥ ਆਸ਼ਰਮ, ਆਦਿ ਥਾਵਾਂ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਉਹਨਾ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਨਾਮੁਰਾਦ ਬਿਮਾਰੀਆਂ ਤੋਂ ਸੁਰੱਖਿਅਤ ਰੱਖਣ ਲਈ ਟੀਕਾਕਰਨ ਜ਼ਰੂਰ ਕਰਵਾਉਣ ਅਤੇ ਇਸ ਮੁਹਿੰਮ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਜ਼ਿਮਨੀ ਚੋਣਾਂ ਵਿੱਚ ਆਪ ਦੀ ਹੋਈ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਆਗੂਆਂ ਨੇ ਲੱਡੂ ਵੰਡ ਕੇ ਮਨਾਈ ਖੁਸ਼ੀ

## ਜਨਤਾ ਇਮਾਨਦਾਰ ਸਰਕਾਰ ਦੇ 2.5 ਸਾਲਾਂ ਦੇ ਕਾਰਜਕਾਲ ਤੋਂ ਬੇਹੱਦ ਖੁਸ਼ - ਆਗੂ

ਪੰਜਾਬ ਦਾ ਖੁਲਾਸਾ




**ਸ਼੍ਰੀ ਅਨੰਦਪੁਰ ਸਾਹਿਬ 23 ਨਵੰਬਰ (ਕੰਵਲ ਜੋਤ ਸਿੰਘ)** ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਨੇ ਮੁੜ ਦਰਸਾ ਦਿੱਤਾ ਹੈ ਕਿ ਸੂਬੇ ਦਾ ਅਵਾਮ ਇਮਾਨਦਾਰ ਸਰਕਾਰ ਦੇ 2.5 ਸਾਲਾਂ ਦੇ ਕਾਰਜਕਾਲ ਤੋਂ ਬੇਹੱਦ ਖੁਸ਼ ਹੈ, ਇਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੀ ਅਨੰਦਪੁਰ ਸਾਹਿਬ ਦੇ ਆਗੂਆਂ ਨੇ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀ ਜਨਤਾ ਵੱਲੋਂ ਇੱਕ ਵੱਡਾ ਫ਼ਤਵਾ ਆਮ ਆਦਮੀ ਪਾਰਟੀ ਨੂੰ ਦਿੱਤਾ ਗਿਆ ਸੀ ਜਿਸ ਵਿੱਚ 117 ਵਿੱਚੋਂ 92 ਸੀਟਾਂ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ, ਉਨਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਵਾਅਦੇ ਕੀਤੇ ਗਏ ਸਨ ਉਹ ਸਾਰੇ ਸਮਾਂ ਰਹਿੰਦਿਆਂ ਪੂਰੇ ਕੀਤੇ ਗਏ ਹਨ, ਆਗੂਆਂ ਨੇ ਕਿਹਾ ਕਿ ਪਹਿਲਾਂ ਜਲੰਧਰ ਪੱਛਮੀ ਦੀ ਚੋਣ ਦੌਰਾਨ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ, ਉਥੇ ਹੁਣ ਡੇਰਾ ਬਾਬਾ ਨਾਨਕ, ਗਿੱਦੜਬਾਹਾ ਅਤੇ ਚੱਬੇਵਾਲ ਵਿੱਚ ਆਪ ਦੇ ਉਮੀਦਵਾਰਾਂ ਨੇ ਵੱਡੀ ਲੀਡ ਨਾਲ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ, ਜਿੱਥੋਂ ਪਤਾ ਲੱਗਦਾ ਹੈ ਕਿ ਸੂਬੇ ਦਾ ਆਵਾਮ ਆਮ ਆਦਮੀ ਪਾਰਟੀ ਦੇ 2.5 ਸਾਲਾਂ ਦੇ ਕਾਰਜਕਾਲ ਤੋਂ ਬੇਹੱਦ ਖੁਸ਼ ਹੈ, ਉਨਾਂ ਕਿਹਾ ਅੱਜ ਸੂਬੇ ਵਿੱਚ 90% ਤੋਂ ਵੱਧ ਘਰਾਂ ਦੇ ਬਿਜਲੀ ਬਿੱਲ 0 ਆ ਰਹੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਮੁੱਹਈਆ ਕਰਵਾਇਆ ਗਿਆ ਹੈ, ਆਗੂਆਂ ਨੇ ਕਿਹਾ ਕਿ ਸੂਬੇ ਦੇ ਵਿੱਚ ਕਰੋੜਾਂ ਰੁਪਏ ਦਾ ਨਿਵੇਸ਼ ਲਗਾਤਾਰ ਹੋ ਰਿਹਾ ਹੈ ਉੱਥੇ ਹੀ ਸੈਰ ਸਪਾਟਾ ਦੇ ਪੱਖੋਂ ਵੀ ਪੰਜਾਬ ਕਾਫੀ ਅੱਗੇ ਵੱਧ ਰਿਹਾ ਹੈ, ਜ਼ਿਮਨੀ ਚੋਣਾਂ ਵਿੱਚ ਹੋਈ ਸ਼ਾਨਦਾਰ ਜਿੱਤ ਤੋਂ ਬਾਅਦ ਸ਼੍ਰੀ ਅਨੰਦਪੁਰ ਸਾਹਿਬ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ, ਇਸ ਮੌਕੇ ਸੀਨੀਅਰ ਆਗੂ ਜਸਵੀਰ ਸਿੰਘ ਅਰੋੜਾ, ਵਪਾਰ ਮੰਡਲ ਪ੍ਰਧਾਨ ਦੀਪਕ ਆਂਗਰਾ, ਇੰਜ:ਜਸਪ੍ਰੀਤ ਸਿੰਘ ਜੇ.ਪੀ,ਯੂਥ ਆਗੂ ਦਵਿੰਦਰ ਸਿੰਘ ਸ਼ੰਮੀ ਪਰਮਿੰਦਰ ਸਿੰਘ ਜਿੰਮੀ ਡਾਢੀ ਯੂਥ ਆਗੂ ਸੀ.ਵਾਈ.ਐਸ.ਐਸ,ਸਰਪੰਚ ਬਲਵਿੰਦਰ ਸਿੰਘ ਫੌਜੀ,ਸਰਪੰਚ ਜਗਤਾਰ ਸਿੰਘ,ਸਰਪੰਚ ਬਲਦੇਵ ਸਿੰਘ,ਸਰਪੰਚ ਬਾਬੂ ਰਾਮ,ਗੁਰਮੇਲ ਸਿੰਘ ਬੁਰਜ਼,ਐਡ:ਨਿਖਿਲ ਭਾਰਦਵਾਜ,ਸੋਹਣ ਸਿੰਘ ਨਿੱਕੂਵਾਲ,ਮੈਡਮ ਰਿੰਕੀ ਚੰਡੇਸਰ ਤੇ ਹੋਰ ਮੌਜੂਦ ਸਨ

# ਟ੍ਰੇਨਿੰਗ ਕਰਕੇ ਪਰਤੇ ਫ਼ੌਜੀ ਦਾ ਉਨ੍ਹਾਂ ਦੇ ਮਿੱਤਰਾਂ ਵੱਲੋਂ ਕੀਤਾ ਗਿਆ ਵਿਸ਼ੇਸ਼ ਸਵਾਗਤ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 23 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਟ੍ਰੇਨਿੰਗ ਕਰਕੇ ਪਹੁੰਚੇ ਫ਼ੌਜੀ ਸ. ਭਿੰਦਰ ਸਿੰਘ ਸਹੋਤਾ ਦਾ ਉਨ੍ਹਾਂ ਦੇ ਮਿੱਤਰਾਂ ਵੱਲੋਂ ਵਿਸ਼ੇਸ਼ ਤੌਰ 'ਤੇ



ਸਵਾਗਤ ਕੀਤਾ ਗਿਆ। ਸ. ਗੁਰਮੀਤ ਸਿੰਘ ਸਹੋਤਾ ਫਾਇਰਮੈਨ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬੰਗਲੋਰ ਕਰਨਾਟਕਾ ਤੋਂ ਇੱਕ ਸਾਲ ਦੀ ਟ੍ਰੇਨਿੰਗ ਦੇ ਦੌਰਾਨ ਕਾਫ਼ੀ ਲੰਮੇ ਸਮੇਂ ਬਾਅਦ ਫ਼ੌਜੀ ਟ੍ਰੇਨਿੰਗ ਕਰਕੇ ਆਪਣੇ ਘਰ ਪਹੁੰਚੇ ਸਨ। ਅਤੇ ਇਸ ਤੋਂ ਬਾਅਦ ਬੈਸਟ ਬੰਗਾਲ ਡਿਊਟੀ ਲਈ ਜਾਣਗੇ। ਇਸ ਤੋਂ ਉਪਰੰਤ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਫੌਜੀ ਭਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਨੌਜਵਾਨਾਂ ਨੂੰ ਅੱਜ ਸਰਕਾਰ ਨੌਕਰੀ ਦਾ ਸੁਨਹਿਰੀ ਮੌਕਾ ਦੇ ਰਹੀ ਹੈ। ਨੌਜਵਾਨਾਂ ਨੂੰ ਵੀ ਆਪਣੀ ਕਾਬਿਲਤ ਨੂੰ ਪਛਾਨਣ ਦੀ ਲੋੜ੍ਹ ਹੈ। ਸਖ਼ਤ ਮਿਹਨਤਕਸ਼ ਦੇ ਨਤੀਜੇ ਸਾਫ਼ ਆਉਂਦੇ ਹਨ। ਉਨਾਂ ਕਿਹਾ ਕਿ ਪਿੰਡ ਪੱਟੀ ਸਦੀਕ ਵਿੱਚੋਂ ਇਸ ਸਮੇਂ ਦੇ ਦੌਰਾਨ ਨੌਜਵਾਨ ਕਾਫ਼ੀ ਨੌਕਰੀ ਲੱਗ ਰਹੇ ਹਨ। ਨੌਜਵਾਨ ਆਪਣੇ ਮਾਤਾ-ਪਿਤਾ ਦਾ, ਆਪਣੇ ਪਿੰਡ ਦਾ ਨਾਂ ਰੋਸ਼ਨ ਕਰਨ ਲਈ ਸਖ਼ਤ ਮਿਹਨਤ ਨਾਲ ਚੰਗੇ ਰੈਂਕ ਵਾਲੀ ਨੌਕਰੀ ਪ੍ਰਾਪਤ ਕਰਨ 'ਚ ਸਮਰੱਥ ਹੋਣ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਮੇਰੀਆਂ ਛੁੱਟੀਆਂ ਪੂਰੀਆਂ ਹੋਣ ਵਾਲੀਆਂ ਹਨ। ਇਸ ਮੌਕੇ 'ਤੇ ਸ. ਗੁਰਮੀਤ ਸਿੰਘ ਸਹੋਤਾ ਫਾਇਰਮੈਨ, ਮਾਸਟਰ ਬਲਕਰਨ ਸਿੰਘ ਮਸ਼ਾਲ, ਗਗਨਦੀਪ ਸਿੰਘ ਸਹੋਤਾ, ਰਾਜ ਕੁਮਾਰ ਸਿੰਘ ਸਹੋਤਾ ਆਦਿ ਮੌਜੂਦ ਸਨ।

# ਗੁਰਪੁਰਬ ਮੌਕੇ ਪਾਕਿਸਤਾਨ ਵਿੱਚ 55 ਰੁਪਏ ਦਾ ਸਿੱਕਾ ਜਾਰੀ

ਪੰਜਾਬ ਦਾ ਖੁਲਾਸਾ

**ਬਠਿੰਡਾ, 23 ਨਵੰਬਰ ( ਰਾਮ ਸਿੰਘ ਕਲਿਆਣ)**-ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨਨਕਾਣਾ ਸਾਹਿਬ ਅਤੇ ਜੋਤੀ ਜੋਤ ਸਥਾਨ ਕਰਤਾਰਪੁਰ ਸਾਹਿਬ ਪਾਕਿਸਤਾਨ ਵਿੱਚ ਸਥਿਤ ਹਨ ਅਤੇ ਪਾਕਿਸਤਾਨ ਵਿੱਚ ਸਮੇਂ ਸਮੇਂ ਤੇ ਸਿੱਖ ਧਰਮ ਨਾਲ ਸਬੰਧਿਤ ਤਿਉਹਾਰ ਮਨਾਏ ਜਾਂਦੇ ਹਨ। ਇਹ ਤਿਉਹਾਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੀ ਅਗਵਾਈ ਵਿੱਚ ਮਨਾਏ ਜਾਂਦੇ ਹਨ ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਸਟੇਟ ਬੈਂਕ ਆਫ ਪਾਕਿਸਤਾਨ ਵੱਲੋਂ 55 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 50 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਸੀ ਅਤੇ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਨਮ ਸਥਾਨ ਨਨਕਾਣਾ ਸਾਹਿਬ ਦੀ ਫੋਟੋ ਵਾਲੀ ਡਾਕ ਟਿਕਟ ਜਾਰੀ ਕੀਤੀ ਗਈ ਸੀ। ਇਸ ਵਾਰ ਜਾਰੀ ਕੀਤੇ ਗਏ 55 ਰੁਪਏ ਦੇ ਸਿੱਕੇ ਦਾ ਵਜਨ 13.5 ਗ੍ਰਾਮ ਅਤੇ ਗੋਲ ਆਕਾਰ ਮਾਪ 30 ਮਿਲੀਮੀਟਰ ਹੈ । ਇਸ ਸਬੰਧੀ ਲਾਹੌਰ ਤੋਂ ਜਾਣਕਾਰੀ ਦਿੰਦਿਆਂ ਬਾਬਰ ਜਲੰਧਰੀ ਨੇ ਦੱਸਿਆ ਕਿ ਸਿੱਕੇ ਦੇ ਇੱਕ ਪਾਸੇ ਅੰਗਰੇਜ਼ੀ ਭਾਸ਼ਾ ਵਿੱਚ "555 ਬਰਥਡੇ ਸੈਲੀਬਰੇਸ਼ਨ" ਭਾਵ "555ਵਾਂ ਪ੍ਰਕਾਸ਼ ਪੁਰਬ ਸਮਾਰੋਹ" ਲਿਖਿਆ ਹੋਇਆ ਹੈ ਅਤੇ ਦੂਜੇ ਪਾਸੇ ਉਰਦੂ ਭਾਸ਼ਾ ਵਿੱਚ ਜਾਰੀ ਕਰਤਾ ਅੰਕਿਤ ਕੀਤਾ ਗਿਆ ਹੈ। ਇਹ ਸਿੱਕਾ ਨਿਕਲ ਅਤੇ ਪਿੱਤਲ ਸਮੇਤ ਤਿੰਨ ਧਾਤਾਂ ਦੇ ਮਿਸਰਨ ਨਾਲ ਤਿਆਰ ਕੀਤਾ ਗਿਆ ਹੈ ।




# ਜਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ :- ਰੁਪਿੰਦਰ ਕੌਰ ਸੰਧੂ

ਪੰਜਾਬ ਦਾ ਖੁਲਾਸਾ



**ਸਰਾਏ ਅਮਾਨਤ ਖਾਂ, 23 ਨਵੰਬਰ (ਗੁਰਸ਼ਰਨ ਸਿੰਘ ਔਲਖ)**-ਆਮ ਆਦਮੀ ਪਾਰਟੀ ਨੇ ਜਿਮਨੀ ਚੋਣਾਂ 2024 ਵਿੱਚ ਵੱਡੀ ਸਫਲਤਾ ਹਾਸਲ ਕਰਦਿਆਂ ਡੇਰਾ ਬਾਬਾ ਨਾਨਕ, ਚੱਬੇਵਾਲ ਅਤੇ ਗਿੱਦੜਬਾਹਾ ਹਲਕਿਆਂ ਤੋਂ ਆਪਣੀ ਜਿੱਤ ਦਾ ਪਰਚਮ ਲਹਿਰਾਇਆ।ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ, ਚੱਬੇਵਾਲ ਤੋਂ ਡਾਕਟਰ ਇਸ਼ਾਕ ਚੱਬੇਵਾਲ, ਅਤੇ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੀ ਸ਼ਾਨਦਾਰ ਜਿੱਤ ਨਾਲ ਸਾਬਤ ਕੀਤਾ ਕਿ ਆਮ ਆਦਮੀ ਪਾਰਟੀ ਤੇ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਹਰ ਪਾਸੇ ਮਜ਼ਬੂਤ ਹੋ ਰਿਹਾ ਹੈ। ਆਮ ਆਦਮੀ ਪਾਰਟੀ ਦੀ ਯੂਥ ਸੂਬਾ ਸਕੱਤਰ ਰੁਪਿੰਦਰ ਕੌਰ ਸੰਧੂ ਨੇ ਇਸ ਸਫਲਤਾ ਨੂੰ ਪਾਰਟੀ ਦੇ ਸੱਚੇ ਪ੍ਰਬੰਧ, ਵਧੀਆ ਸੂਬਾਈ ਨੀਤੀਆਂ ਅਤੇ ਲੋਕ-ਕੇਂਦਰਤ ਕਾਰਜਕਲਾਪਾਂ ਦਾ ਨਤੀਜਾ ਕਰਾਰ ਦਿੱਤਾ। ਉਨ੍ਹਾਂ ਕਿਹਾ, "ਇਹ ਜਿੱਤ ਸਿਰਫ ਪਾਰਟੀ ਦੀ ਨਹੀਂ, ਸਗੋਂ ਪੰਜਾਬ ਦੇ ਹਰ ਨਾਗਰਿਕ ਦੀ ਜਿੱਤ ਹੈ, ਜੋ ਸਾਫ-ਸੁਥਰੇ ਸਿਆਸੀ ਪ੍ਰਬੰਧ ਅਤੇ ਵਿਕਾਸ ਦੀ ਲੋੜ ਨੂੰ ਸਮਝਦਾ ਹੈ।"

ਇਹ ਨਤੀਜੇ ਸਪੱਸ਼ਟ ਕਰਦੇ ਹਨ ਕਿ ਆਮ ਆਦਮੀ ਪਾਰਟੀ ਦੇ ਪ੍ਰਤੀ ਲੋਕਾਂ ਦੀ ਭਰੋਸੇਮੰਦ ਆਵਾਜ਼ ਸੂਬੇ ਵਿੱਚ ਇੱਕ ਨਵਾਂ ਇਤਿਹਾਸ ਰਚ ਰਹੀ ਹੈ। ਹਰੇਕ ਜਿੱਤ ਪਾਰਟੀ ਦੀ ਸ਼ਕਤੀ ਵਿੱਚ ਨਵੀਂ ਤਾਜਗੀ ਭਰਦੀ ਹੈ।

# ਇੰਪੀਰੀਅਲ ਇੰਟਰਨੈਸ਼ਨਲ ਸਕੂਲ ਫ਼ਾਰ ਐਕਸੀਲੈਂਸ, ਖੂਈਆਂ ਸਰਵਰ ਦੇ ਹੋਣਹਾਰ ਖਿਡਾਰੀਆਂ ਨੇ 'ਪੰਜਾਬ ਸਪੋਰਟਸ ਫੇਅਰ ਤਹਿਤ ਕਰਵਾਏ ਗਏ ਰਾਜ ਪੱਧਰੀ ਵੂਸ਼ੂ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 23 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਇੰਪੀਰੀਅਲ ਇੰਟਰਨੈਸ਼ਨਲ ਸਕੂਲ ਫਾਰ ਐਕਸੀਲੈਂਸ, ਖੂਈਆਂ ਸਰਵਰ ਦੇ ਹੋਣਹਾਰ ਖਿਡਾਰੀਆਂ ਨੇ 'ਪੰਜਾਬ ਸਪੋਰਟਸ ਫੇਅਰ 2024 (ਸੈਸ਼ਨ-3)' ਤਹਿਤ ਕਰਵਾਏ ਗਏ ਰਾਜ ਪੱਧਰੀ ਵੂਸ਼ੂ ਮੁਕਾਬਲੇ ਵਿੱਚ ਜੋਸ਼, ਉਤਸ਼ਾਹ ਅਤੇ ਉਤਸ਼ਾਹ ਨਾਲ ਭਾਗ ਲੈ ਕੇ ਆਪਣੀ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਹ ਵੱਕਾਰੀ ਮੁਕਾਬਲਾ ਵਾਰ ਹੀਰੋ ਸਟੇਡੀਅਮ ਸੰਗਰੂਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਅੰਡਰ-14 ਅਤੇ ਅੰਡਰ-17 ਉਮਰ ਵਰਗ ਦੇ ਲੜਕੇ-ਲੜਕੀਆਂ ਨੇ ਆਪਣੀ ਸਖ਼ਤ ਮਿਹਨਤ ਅਤੇ ਸ਼ਾਨਦਾਰ ਹੁਨਰ ਨਾਲ ਜਿੱਤ ਦਰਜ ਕੀਤੀ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨਵਨੀਤ ਦੇਵਗਨ ਨੇ ਇਸ ਇਤਿਹਾਸਕ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਵੂਸ਼ੂ ਇੰਸਟ੍ਰਕਟਰ ਸ਼੍ਰੀ ਮਨਦੀਪ ਸਿੰਘ ਦੀ ਰਹਿਨੁਮਾਈ ਹੇਠ ਖਿਡਾਰੀਆਂ ਨੇ 1 ਸੋਨ ਤਗਮਾ, 2 ਚਾਂਦੀ ਦੇ ਤਗਮੇ ਅਤੇ 6 ਕਾਂਸੀ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਇਸ ਨੂੰ ਸਕੂਲ ਲਈ ਮਾਣ ਵਾਲੀ ਗੱਲ ਦੱਸਦਿਆਂ ਕਿਹਾ ਕਿ ਇਹ ਪ੍ਰਾਪਤੀਆਂ ਬੱਚਿਆਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਅਟੁੱਟ ਇਰਾਦੇ ਦਾ ਸਬੂਤ ਹਨ।



ਇਸ ਸ਼ਾਨਦਾਰ ਜਿੱਤ 'ਤੇ ਸਕੂਲ ਦੇ ਡਾਇਰੈਕਟਰ ਸੁਖਵਿੰਦਰ ਪਾਲ ਨੇ ਖਿਡਾਰੀਆਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਵਧਾਈ ਦਿੱਤੀ ? ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਰਾਸ਼ਟਰੀ ਸਿੱਖਿਆ ਨੀਤੀ ਇਸ ਗੱਲ 'ਤੇ ਵੀ ਜ਼ੋਰ ਦਿੰਦੀ ਹੈ ਕਿ ਸਿੱਖਿਆ ਦੇ ਨਾਲ-ਨਾਲ ਬੱਚਿਆਂ ਨੂੰ ਹੋਰ ਹੁਨਰਾਂ ਵਿੱਚ ਵੀ ਨਿਪੁੰਨ ਬਣਾਇਆ ਜਾਵੇ। ਇਹ ਕਾਮਯਾਬੀ ਨਾ ਸਿਰਫ਼ ਖਿਡਾਰੀਆਂ ਲਈ ਇੱਕ ਪ੍ਰਾਪਤੀ ਹੈ ਸਗੋਂ ਸਮੁੱਚੇ ਖੇਤਰ ਲਈ ਪ੍ਰੇਰਨਾ ਸਰੋਤ ਹੈ।

# ਜਿਮਨੀ ਚੋਣਾਂ ਵਿਚ ਆਪ ਦੀ ਜਿੱਤ 'ਤੇ ਵਰਕਰਾਂ ਨੇ ਮਾਛੀਵਾੜਾ 'ਚ ਮਨਾਏ ਜਸ਼ਨ

## ਲੋਕਾਂ ਨੇ ਆਪ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੋਟ ਪਾਈ- ਖੀਰਨੀਆਂ

ਪੰਜਾਬ ਦਾ ਖੁਲਾਸਾ



**ਮਾਛੀਵਾੜਾ ਸਾਹਿਬ 23 ਨਵੰਬਰ (ਸੁੱਚਾ ਬੰਗੜ)** ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਵਿਧਾਨ ਸਭਾ ਚੋਣ ਨਤੀਜਿਆਂ ਵਿਚ 3 ਹਲਕਿਆਂ ਵਿਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ 'ਤੇ ਹਲਕਾ ਸਮਰਾਲਾ ਦੇ ਆਗੂਆਂ ਤੇ ਵਰਕਰਾਂ ਨੇ ਵੀ ਇਸ ਦੇ ਜਸ਼ਨ ਮਨਾਏ। ਮਾਛੀਵਾੜਾ ਦੇ ਖਾਲਸਾ ਚੌਂਕ ਵਿਚ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਦੀ ਅਗਵਾਈ ਹੇਠ ਇਕੱਤਰ ਹੋਏ ਲੋਕਾਂ ਨੇ ਲੱਡੂ ਵੰਡੇ ਅਤੇ ਢੋਲ ਦੀ ਥਾਪ 'ਤੇ ਭੰਗੜੇ ਪਾਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿਆਲਪੁਰਾ ਤੇ ਖੀਰਨੀਆਂ ਨੇ ਕਿਹਾ ਕਿ 3 ਵਿਧਾਨ ਸਭਾ ਹਲਕਿਆਂ ਵਿਚ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੋਟ ਪਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦੌਰਾਨ ਵਰਕਰਾਂ ਨੇ ਵੀ ਸਖ਼ਤ ਮਿਹਨਤ ਕੀਤੀ। ਜਿਮਨੀ ਚੋਣਾਂ ਦੌਰਾਨ ਸਭ ਤੋਂ ਹਾਟ ਸੀਟ ਮੰਨੀ ਜਾਣ ਵਾਲੀ ਗਿੱਦੜਬਾਹਾ 'ਤੇ 'ਆਪ' ਦੀ ਸ਼ਾਨਦਾਰ ਜਿੱਤ ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਦੇਖ ਰਿਹਾ ਸੀ ਜਿਸ ਨੂੰ ਲੋਕਾਂ ਨੇ ਚਕਨਾਚੂਰ ਕਰ ਇਹ ਸਾਬਿਤ ਕਰ ਦਿੱਤਾ ਕਿ ਅਗਲਾ ਮੁੱਖ ਮੰਤਰੀ ਵੀ 'ਆਪ' ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਣਗੇ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਗਰ ਕੌਂਸਲ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ 2 ਹਫ਼ਤਿਆਂ ਅੰਦਰ 'ਆਪ' ਪਾਰਟੀ ਮਾਛੀਵਾੜਾ ਨਗਰ ਕੌਂਸਲ ਦੇ 15 ਵਾਰਡਾਂ ਤੋਂ ਉਮੀਦਵਾਰਾਂ ਦਾ ਐਲਾਨ ਕਰੇਗੀ। ਉਨ੍ਹਾਂ ਕਿਹਾ ਕਿ ਜਿਮਨੀ ਚੋਣਾਂ ਜਿੱਤਣ ਤੋਂ ਬਾਅਦ 'ਆਪ' ਆਗੂ ਤੇ ਵਰਕਰ ਬਹੁਤ ਉਤਸ਼ਾਹਿਤ ਹਨ ਅਤੇ ਇਸ ਤਰ੍ਹਾਂ ਨਗਰ ਕੌਂਸਲ ਚੋਣਾਂ ਵੀ ਬੜੀ ਸ਼ਾਨ ਨਾਲ ਜਿੱਤੀਆਂ ਜਾਣਗੀਆਂ। ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਉਹ ਸਰਕਾਰ ਵਲੋਂ ਕੀਤੇ ਕੰਮਾਂ ਨੂੰ ਲੈ ਕੇ ਲੋਕਾਂ ਦੀ ਕਚਹਿਰੀ ਜਾਣਗੇ ਅਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇਹ ਚੋਣਾਂ ਵੀ 15 ਵਾਰਡਾਂ 'ਚੋਂ ਸਾਰੇ ਉਮੀਦਵਾਰ ਭਾਰੀ ਬਹੁਮਤ ਨਾਲ ਜਿੱਤਣਗੇ। ਹਲਕਾ ਸਮਰਾਲਾ ਦੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨੇ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਤਿੰਨ ਹਲਕੇ ਜਤਾਏ ਹਨ। ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਇਹੋ ਜਿਹੀ ਪਾਰਟੀ ਹੈ ਜੋ ਕਿ ਪੰਜਾਬ ਦੇ ਲੋਕਾਂ ਦੇ ਮੁੱਦਿਆਂ ਦੀ ਗੱਲ ਕਰਦੀ ਹੈ ਅਤੇ ਉਹਨਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਵੀ ਕਰਦੀ ਹੈ।

# ਪੰਜਾਬ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਹੇਠ ਕਾਰਪੋਰੇਸ਼ਨ ਚੋਣਾਂ 'ਚ ਝਾੜੂ ਫੇਰ ਜਿੱਤ ਦਰਜ਼ ਕਰੇਗੀ ਆਪ ਪਾਰਟੀ - ਅਸ਼ੋਕ ਭਾਟੀਆ

ਪੰਜਾਬ ਦਾ ਖੁਲਾਸਾ



**ਫਗਵਾੜਾ 23 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੈਬਿਨੇਟ ਮੰਤਰੀ ਤੇ ਸੀਨੀਅਰ ਸੂਝਵਾਨ 'ਆਪ' ਆਗੂ ਅਮਨ ਅਰੋੜਾ ਨੂੰ ਸੂਬਾ ਪ੍ਰਧਾਨ ਬਣਾਏ ਜਾਣ ਦਾ ਸਵਾਗਤ ਕਰਦੇ ਹੋਏ ਪਾਰਟੀ ਦੇ ਜਿਲ੍ਹਾ ਸਕੱਤਰ ਅਸ਼ੋਕ ਭਾਟੀਆ ਨੇ ਅੱਜ ਇੱਥੇ ਗੱਲਬਾਤ ਦੌਰਾਨ ਕਿਹਾ ਕਿ ਅਮਨ ਅਰੋੜਾ ਦੇ ਪੰਜਾਬ ਪ੍ਰਧਾਨ ਅਤੇ ਸ਼ੈਰੀ ਕਲਸੀ ਦੇ ਕਾਰਜਕਾਰੀ ਪ੍ਰਧਾਨ ਬਣਨ ਨਾਲ ਸਮੂਹ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਹੈ ਸੀਨੀਅਰ ਲੀਡਰਸ਼ਿਪ ਦਾ ਇਹ ਕਦਮ ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਹੋਰ ਵੀ ਮਜਬੂਤ ਕਰੇਗਾ। ਉਹਨਾਂ ਨੇ ਨਵ ਨਿਯੁਕਤ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਉਹਨਾਂ ਦੀ ਅਗਵਾਈ ਹੇਠ ਆਪ ਪਾਰਟੀ ਪਹਿਲਾਂ ਕਾਰਪੋਰੇਸ਼ਨ ਚੋਣਾਂ ਅਤੇ ਉਸ ਤੋਂ ਬਾਅਦ 2027 ਦੀਆਂ ਪੰਜਾਬ ਵਿਧਾਨਸਭਾ ਚੋਣਾਂ 'ਚ 'ਝਾੜੂ' ਫੇਰ ਜਿੱਤ ਦਰਜ ਕਰੇਗੀ। ਉਹਨਾਂ ਭਰੋਸਾ ਜਤਾਇਆ ਕਿ ਬਤੌਰ ਪੰਜਾਬ ਪ੍ਰਧਾਨ ਅਮਨ ਅਰੋੜਾ ਪਾਰਟੀ ਨੂੰ ਅੱਗੇ ਵਧਾਉਣ ਲਈ ਇੱਕ ਨਵੀਂ ਸ਼ੁਰੂਆਤ ਕਰਨਗੇ ਅਤੇ ਸੂਝਵਾਨ ਆਗੂ ਹੋਣ ਦੇ ਨਾਤੇ ਸਮਾਜ ਦੇ ਹਰ ਵਰਗ ਨੂੰ ਨਾਲ ਲੈ ਕੇ ਚੱਲਣਗੇ ਇਸ ਦੌਰਾਨ ਆਪ ਪਾਰਟੀ ਦੇ ਜਿਲ੍ਹਾ ਕੈਸ਼ੀਅਰ ਹਰੀਓਮ ਗੁਪਤਾ, ਸੀਨੀਅਰ ਆਗੂ ਹਰਜਿੰਦਰ ਸਿੰਘ ਖਾਲਸਾ, ਡਾ. ਜਤਿੰਦਰ ਪਰਹਾਰ, ਗੋਪੀ ਬੇਦੀ ਬਲਾਕ ਪ੍ਰਧਾਨ ਤੋਂ ਇਲਾਵਾ ਕੁਲਵਿੰਦਰ ਸਿੰਘ, ਹਰਦੀਪ ਜੋਸ਼ੀ, ਸਤੀਸ਼ ਸਹੋਤਾ, ਕੁਲਵਿੰਦਰ ਚੱਠਾ ਅਤੇ ਰਾਕੇਸ਼ ਬਿੱਟੂ ਨੇ ਵੀ ਅਮਨ ਅਰੋੜਾ ਨੂੰ ਪੰਜਾਬ ਪ੍ਰਧਾਨ ਬਣਾਏ ਜਾਣ ਦਾ ਸਵਾਗਤ ਕੀਤਾ ਹੈ। ਆਪ ਆਗੂਆਂ ਨੇ ਕਿਹਾ ਕਿ ਅਮਨ ਅਰੋੜਾ ਅਤੇ ਸ਼ੈਰੀ ਕਲਸੀ ਦਾ ਜਲਦੀ ਹੀ ਬਤੌਰ ਪ੍ਰਧਾਨ ਫਗਵਾੜਾ ਵਿਖੇ ਪਹਿਲੀ ਫੇਰੀ ਸਮੇਂ ਨਿੱਘਾ ਸਵਾਗਤ ਕੀਤਾ ਜਾਵੇਗਾ।

# ਪਹਿਲਾਂ ਹਰਿਆਣਾ, ਹੁਣ ਮਹਾਰਾਸ਼ਟਰ ਵਿੱਚ ਸ਼ਾਨਦਾਰ ਜਿੱਤ ਤੋਂ ਬਾਅਦ 2027 'ਚ ਪੰਜਾਬ ਅੰਦਰ ਵੀ ਖਿੜੇਗਾ ਭਾਜਪਾ ਦਾ ਕਮਲ-ਗਰਚਾ

ਪੰਜਾਬ ਦਾ ਖੁਲਾਸਾ



**ਲੁਧਿਆਣਾ, 23 ਨਵੰਬਰ ( ਮਨਪ੍ਰੀਤ ਮੋਨੂੰ )**- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸੁਖਵਿੰਦਰਪਾਲ ਸਿੰਘ ਗਰਚਾ ਨੇ ਕਿਹਾ ਕਿ 2027 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਅੰਦਰ ਵੀ ਕਮਲ ਖਿੜੇਗਾ ਅਤੇ ਭਾਜਪਾ ਪੂਰਨ ਬਹੁਮਤ ਨਾਲ ਸਰਕਾਰ ਬਣੇਗੀ ? ਇੱਕ ਮਹੀਨਾ ਪਹਿਲਾਂ ਹਰਿਆਣਾ ਵਿੱਚ ਲਗਾਤਾਰ ਤੀਸਰੀ ਵਾਰ ਭਾਜਪਾ ਸਰਕਾਰ ਬਣਨ ਅਤੇ ਹੁਣ ਮਹਾਰਾਸ਼ਟਰ ਵਿੱਚ ਭਾਜਪਾ ਗਠਜੋੜ ਦੀ ਦੂਸਰੀ ਵਾਰ ਹੋਈ ਇਤਿਹਾਸਕ ਜਿੱਤ ਨੇ ਸਾਡਾ ਉਤਸ਼ਾਹ ਵਧਾਇਆ ਹੈ। ਗਰਚਾ ਨੇ ਕਿਹਾ ਕਿ ਪੰਜਾਬ ਵਿੱਚ ਵੀ ਭਾਜਪਾ ਵੱਲੋਂ ਜਿੱਤ ਦਾ ਪਰਚਮ ਲਹਿਰਾਇਆ ਜਾਵੇਗਾ, ਸੂਬੇ ਦੀਆਂ ਜ਼ਿਮਨੀ ਚੋਣਾਂ 'ਚ ਭਾਵੇਂ ਭਾਜਪਾ ਨੂੰ 4 ਸੀਟਾਂ 'ਤੇ ਸਫਲਤਾ ਨਹੀਂ ਮਿਲੀ ਪਰ ਭਾਜਪਾ ਨੂੰ ਜਨਤਾ ਦਾ ਭਰਪੂਰ ਸਮਰਥਨ ਮਿਲਿਆ ਹੈ। ਭਾਜਪਾ ਆਗੂ ਸੁਖਵਿੰਦਰਪਾਲ ਸਿੰਘ ਗਰਚਾ ਨੇ ਕਿਹਾ ਕਿ ਸੂਬੇ ਦੇ ਲੋਕ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਵਿਕਾਸ ਲਈ ਭਾਜਪਾ ਦਾ ਸਾਥ ਦੇਣਗੇ ਤੇ ਯਕੀਨੀ ਤੌਰ 'ਤੇ ਸੱਤਾ 'ਚ ਲਿਆਉਣਗੇ। ਜ਼ਿਮਨੀ ਚੋਣਾਂ ਦੇ ਨਤੀਜਿਆਂ ਦਾ ਇਸ 'ਤੇ ਕੋਈ ਅਸਰ ਨਹੀਂ ਹੋਣ ਵਾਲਾ ਹੈ ਕਿਉਂਕਿ ਹਰ ਕੋਈ ਜਾਣਦਾ ਹੈ ਕਿ ਜ਼ਿਮਨੀ ਚੋਣਾਂ 'ਚ ਸੱਤਾਧਾਰੀ ਪਾਰਟੀ ਨੂੰ ਫਾਇਦਾ ਹੁੰਦਾ ਹੈ ਅਤੇ ਆਮ ਚੋਣਾਂ 'ਚ ਲੋਕ ਬਹੁਤ ਸੋਚ-ਸਮਝ ਕੇ ਆਪਣੀ ਵੋਟ ਪਾਉਂਦੇ ਹਨ, ਪੰਜਾਬ ਦੀ ਜਨਤਾ ਆਉਣ ਵਾਲੇ ਸਮੇਂ ਵਿੱਚ ਤਬਦੀਲੀ ਲਿਆਕੇ ਭਾਜਪਾ ਦੀ ਸਰਕਾਰ ਬਣਾਵੇਗੀ।

# ਆਮ ਆਦਮੀ ਪਾਰਟੀ ਦੇ ਉਮੀਦਵਾਰ ਸ.ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਗਿੱਦੜਬਾਹਾ ਦੀ ਜਿੱਤੀ ਜ਼ਿਮਨੀ ਚੋਣ

ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 23 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)**- ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਮਿਲੀ ਹੈ, ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ.

## ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਰਾਜੇਸ਼ ਤ੍ਰਿਪਾਠੀ ਜਿਲਾ ਚੋਣ ਅਫਸਰ

ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਜਿੱਤ ਹਾਸਿਲ ਕੀਤੀ ਹੈ। ਉਹਨਾਂ ਨੇ ਕਾਂਗਰਸ ਦੇ ਉਮੀਦਵਾਰ ਸ੍ਰੀਮਤੀ ਅੰਮ੍ਰਿਤਾ ਵੜਿੰਗ ਨੂੰ 21969 ਵੋਟਾਂ ਦੇ ਫਰਕ ਨਾਲ ਹਰਾਇਆ ਹੈ।ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ 71644 ਵੋਟਾਂ ਮਿਲੀਆਂ ਜਦੋਂਕਿ ਦੂਜੇ ਨੰਬਰ ਤੇ ਰਹੀ ਕਾਂਗਰਸੀ ਉਮੀਦਵਾਰ ਸ੍ਰੀਮਤੀ ਅੰਮ੍ਰਿਤਾ ਵੜਿੰਗ ਨੂੰ 49675 ਵੋਟਾਂ ਮਿਲੀਆਂ,ਜਦਕਿ ਭਾਜਪਾ ਦੇ ਉਮੀਦਵਾਰ ਸ.ਮਨਪ੍ਰੀਤ ਸਿੰਘ ਬਾਦਲ ਤੀਜੇ ਨੰਬਰ ਤੇ ਰਹੇ। ਉਹਨਾਂ ਨੂੰ 12227 ਵੋਟਾਂ ਮਿਲੀਆਂ।ਸ੍ਰੀ ਰਾਜੇਸ਼ ਤ੍ਰਿਪਾਠੀ ਜਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਜਿਮਨੀ ਚੋਣ ਦੌਰਾਨ ਕੁਲ 137348 ਵੋਟਾਂ ਵੱਖ-ਵੱਖ ਉਮੀਦਵਾਰਾਂ ਨੂੰ ਪਈਆਂ ਸਨ । ਉਹਨਾਂ ਇਹ ਵੀ ਦੱਸਿਆ ਕਿ ਬੀਤੇ 20 ਨਵੰਬਰ 2024 ਨੂੰ ਪੰਜਾਬ ਦੇ ਚਾਰੇ ਵਿਧਾਨ ਸਭਾ ਹਲਕਿਆਂ ਚ ਹੋਈ ਵੋਟਿੰਗ ਦੌਰਾਨ ਹਲਕਾ ਗਿੱਦੜਬਾਹਾ ਵਿਖੇ ਸਭ ਨਾਲੋਂ ਜ਼ਿਆਦਾ ਵੋਟਿੰਗ 81.90 ਫੀਸਦੀ ਦਰਜ ਕੀਤੀ ਗਈ ਸੀ।ਉਹਨਾਂ ਦੱਸਿਆ ਕਿ ਜੇਤੂ ਉਮੀਦਵਾਰ ਸ. ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਕੁਲ ਪਈਆਂ ਵੋਟਾਂ ਵਿਚੋਂ 52.16 ਪ੍ਰਤੀਸ਼ਤ ਵੋਟਾਂ ਪਈਆਂ ਜੋ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਜਿੱਤ ਲੱਗਭਗ 15 ਪ੍ਰਤੀਸਤ ਵੱਧ ਦਰਜ ਕੀਤੀ ਗਈ ਅਤੇ ਵੋਟਾਂ ਦੀ ਗਿਣਤੀ ਦੌਰਾਨ ਨੋਟਾਂ ਚੋਥੇ ਸਥਾਨ ਤੇ ਰਿਹਾ ਹੈ। ਜ਼ਿਲ੍ਹਾ ਚੋਣ ਅਫਸਰ ਨੇ ਹਲਕੇ ਦੇ ਵੋਟਰਾਂ ਦਾ ਸਹਿਯੋਗ ਦੇਣ ਤੇ ਜਿੱਥੇ ਧੰਨਵਾਦ ਕੀਤਾ ਹੈ, ਉਥੇ ਹੀ ਉਹਨਾਂ ਚੋਣ ਅਮਲੇ ਦੀ ਸਮੁੱਚੀ ਚੋਣ ਪ੍ਰਕਿਰਿਆ ਨੂੰ ਪੂਰੀ ਇਮਾਨਦਾਰੀ, ਅਮਨ-ਅਮਾਨ ਨਾਲ ਸਫਲਤਾ ਪੂਰਵਕ ਨੇਪਰੇ ਚੜਾਉਣ ਲਈ ਸਲਾਘਾ ਕੀਤੀ ਹੈ।



# ਕਿਸਾਨੀ ਨੂੰ ਬਚਾਉਣ ਲਈ ਆਪਣੀ ਜ਼ਿੰਦਗੀ ਦਾਅ ਉੱਪਰ ਲਗਾਉਣ ਵਾਲੇ ਸਰਦਾਰ ਜਗਜੀਤ ਸਿੰਘ ਡੱਲੇਵਾਲ ਦੀ ਤਾਕਤ ਬਣਨ ਲਈ ਕਿਸਾਨ ਪੂਰੀ ਤਾਕਤ ਨਾਲ ਖਨੌਰੀ ਮੋਰਚੇ 'ਤੇ ਪਹੁੰਚਣ: ਲਖਵਿੰਦਰ ਸਿੰਘ ਔਲਖ

## ਬੀ.ਕੇ.ਈ ਦੀ ਪ੍ਰਧਾਨਗੀ ਹੇਠ ਪਿੰਡ ਝੋਰੜ ਰੋਹੀ ਤੋਂ 26 ਨਵੰਬਰ ਨੂੰ ਕਾਫਲਾ ਖਨੌਰੀ ਵੱਲ ਹੋਵੇਗਾ ਰਵਾਨਾ

ਪੰਜਾਬ ਦਾ ਖੁਲਾਸਾ

**ਜੈਤੋ,23 ਨਵੰਬਰ (ਰਘੂਨੰਦਨ ਪਰਾਸ਼ਰ ):**ਲਖਵਿੰਦਰ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਭਾਰਤੀ ਕਿਸਾਨ ਏਕਤਾ ਬੀ.ਕੇ.ਈ ਦੇ ਦਫ਼ਤਰ ਵਿੱਚ ਮੀਟਿੰਗ ਹੋਈ, ਜਿਸ ਵਿੱਚ ਸਭ ਤੋਂ ਪਹਿਲਾਂ ਬਠਿੰਡਾ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਦੀ ਸਖ਼ਤ ਨਿਖੇਧੀ ਕੀਤੀ ਗਈ ਮੀਟਿੰਗ ਵਿੱਚ ਹਾਜ਼ਰ ਸਮੂਹ ਆਗੂਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ kisan ਆਗੂਆਂ ਨੇ ਕਿਹਾ ਕਿ 13 ਫਰਵਰੀ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਭਾਗ-2 ਅੱਜ 286ਵੇਂ ਦਿਨ ਵਿੱਚ ਪਹੁੰਚ ਗਿਆ ਹੈ ਅਤੇ 18 ਫਰਵਰੀ ਤੋਂ ਬਾਅਦ ਸਰਕਾਰ ਨੇ ਕਿਸਾਨਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਭਾਰਤ ਸਰਕਾਰ ਵੱਲੋਂ ਮੰਨੀਆ ਹੋਈਆਂ ਮੰਗਾਂ ਅਤੇ ਸਰਕਾਰ ਵੱਲੋ ਕੀਤੇ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਸ਼ੰਭੂ, ਖਨੌਰੀ ਅਤੇ ਰਤਨਪੁਰਾ ਬਾਰਡਰ 'ਤੇ ਕਿਸਾਨ ਅੰਦੋਲਨ 2 ਚੱਲ ਰਿਹਾ ਹੈ। ਐਸਕੇਐਮ ਗੈਰ-ਸਿਆਸੀ ਹੈ ਅਤੇ ਕੇਐਮ ਐਮ ਨੇ ਵੱਡਾ ਫੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਸਾਡੇ ਸੀਨੀਅਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠਣਗੇ ਹੁਣ ਦੇਖਣਾ ਇਹ ਹੈ ਕਿ ਕੇਂਦਰ ਸਰਕਾਰ ਸਾਡੀਆਂ ਮੰਗਾਂ ਨੂੰ ਲਾਗੂ ਕਰਦੀ ਹੈ ਜਾਂ ਕਿਸਾਨਾਂ ਦੀ ਕੁਰਬਾਨੀ ਲੈਂਦੀ ਹੈ। ਕਿਉਂਕਿ ਇਸ ਤੋਂ ਵੀ ਵੱਡਾ ਫੈਸਲਾ ਲੈਂਦਿਆਂ ਹੋਇਆ ਐਲਾਨ ਕੀਤਾ ਗਿਆ ਹੈ ਕਿ ਜੇਕਰ ਜਗਜੀਤ ਸਿੰਘ ਡੱਲੇਵਾਲ ਸਰਕਾਰ ਦੀ ਜ਼ਿੱਦ ਕਾਰਨ ਆਪਣੀ ਜਾਨ ਕੁਰਬਾਨ ਕਰ ਦਿੰਦੇ ਹਨ ਤਾਂ ਉਨ੍ਹਾਂ ਦੀ ਮ੍ਰਿਤਕ ਦੇਹ ਖਨੌਰੀ ਬਾਰਡਰ ਵਿਖੇ ਰੱਖੀ ਜਾਵੇਗੀ ਅਤੇ ਉਸ ਤੋਂ ਬਾਅਦ ਦੂਜੇ ਕਿਸਾਨ ਆਗੂ ਸੁਖਜੀਤ ਸਿੰਘ ਹਰਦੋਝੰਡੇ ਮਰਨ ਵਰਤ ਤੇ ਬੈਠਗੇ ਅਤੇ ਇਹ ਸਿਲਸਿਲਾ ਇਸੇ ਤਰ੍ਹਾਂ ਉਸ ਸਮੇਂ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਮੰਨੀਆ ਹੋਈਆ ਮੰਗਾਂ ਨੂੰ ਲਾਗੂ ਨਹੀਂ ਕਰਦੀ। ਇਸ ਅੰਦੋਲਨ ਨੂੰ ਹੋਰ ਮਜ਼ਬੂਤ ? ?ਕਰਨ ਲਈ ਬੀ.ਕੇ.ਈ ਦੀ ਟੀਮ 26 ਨਵੰਬਰ ਨੂੰ ਸਵੇਰੇ 9 ਵਜੇ ਰੋਡੀ ਖੇਤਰ ਦੇ ਪਿੰਡ ਝੋਰੜਰੋਹੀ ਤੋਂ ਖਨੌਰੀ ਮੋਰਚੇ ਲਈ ਕਾਫਲੇ ਸਮੇਤ ਰਵਾਨਾ ਹੋਵੇਗੀ। ਔਲਖ ਨੇ ਸਾਰਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਡੇ ਸੀਨੀਅਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਉਹ ਆਪਣੀਆਂ ਜ਼ਮੀਨਾਂ ਅਤੇ ਬੱਚਿਆਂ ਦੇ ਭਵਿੱਖ ਲਈ ਆਪਣੀ ਜਾਨ ਦਾਅ 'ਤੇ ਲਗਾ ਰਹੇ ਹਨ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦਾ ਸਾਥ ਦੇਈਏ ਅਤੇ ਖਨੌਰੀ ਮੋਰਚੇ ਵਿੱਚ ਆਪਣੀ ਹਾਜ਼ਰੀ ਯਕੀਨੀ ਬਣਾਈਏ। ਔਲਖ ਨੇ ਦੱਸਿਆ ਕਿ ਕੱਲ੍ਹ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ (ਭਾਰਤ) ਦੀ ਮੀਟਿੰਗ ਹੋਈ, ਜਿਸ ਵਿੱਚ ਦੇਸ਼ ਭਰ ਦੇ ਕਿਸਾਨ ਆਗੂ ਸ਼ਾਮਲ ਹੋਏ ਅਤੇ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਖਨੌਰੀ ਮੋਰਚੇ ਵਿੱਚ ਹਰਿਆਣਾ, ਪੰਜਾਬ, ਰਾਜਸਥਾਨ, ਹਿਮਾਚਲ ਅਤੇ ਯੂ.ਪੀ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਮਜ਼ਦੂਰ ਪਹੁੰਚਣਗੇ ਅਤੇ ਕਰਨਾਟਕ, ਤਾਮਿਲਨਾਡੂ, ਤੇਲੰਗਾਨਾ ਸਮੇਤ ਦੱਖਣੀ ਭਾਰਤ ਦੇ ਕਈ ਸੂਬਿਆਂ 'ਚ ਮਰਨ ਵਰਤ ਦੇ ਸਮਰਥਨ 'ਚ 26 ਨਵੰਬਰ ਤੋਂ ਜ਼ਿਲ੍ਹਾ ਹੈੱਡਕੁਆਰਟਰ 'ਤੇ ਸ਼ਾਂਤਮਈ ਪ੍ਰਦਰਸ਼ਨ ਕੀਤੇ ਜਾਣਗੇ। ਔਲਖ ਨੇ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਪਹਿਲਾਂ ਡੀਏਪੀ ਲਈ ਅਤੇ ਹੁਣ ਯੂਰੀਆ ਖਾਦ ਲਈ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਹਿਕਾਰੀ ਅਦਾਰੇ ਇਫਕੋ, ਕ੍ਰਿਭਕੋ, ਸਹਿਕਾਰੀ ਸਭਾ ਸਮੇਤ ਪ੍ਰਾਈਵੇਟ ਦੁਕਾਨਦਾਰ ਕਿਸਾਨਾਂ ਨੂੰ ਯੂਰੀਆ ਖਾਦ ਦੇ ਨਾਲ-ਨਾਲ ਨੈਨੋ, ਸਲਫਰ ਜਾਂ ਹੋਰ ਵਾਧੂ ਸਾਮਾਨ ਜਬਰਦਸਤੀ ਦੇ ਰਹੇ ਹਨ, ਉਹ ਅਜਿਹਾ ਨਾਂ ਕਰਨ ਨਹੀਂ ਤਾਂ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਅਤੇ ਕੇਸ ਵੀ ਦਰਜ ਕਰਵਾਏ ਜਾਣਗੇ ਅਤੇ ਕਿਸਾਨਾਂ ਦੀ ਹੋ ਰਹੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਖੇਤੀਬਾੜੀ ਵਿਭਾਗ ਵੀ ਕੁੰਭਕਰਨ ਵਾਂਗ ਸੁੱਤਾ ਪਿਆ ਹੈ ਅਤੇ ਸਭ ਕੁਝ ਜਾਣਦੇ ਹੋਏ ਵੀ ਉਹ ਚੁੱਪ ਹੈ ਜਿਸ ਕਾਰਨ ਕਿਸਾਨਾਂ ਦੀ ਜਾਣ ਬੁੱਝ ਕੇ ਲੁੱਟ ਕੀਤੀ ਜਾ ਰਹੀ ਹੈ ਅਤੇ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਸਿਸਟਮ ਠੀਕ ਨਹੀਂ ਕੀਤਾ ਜਾ ਰਿਹਾ। ਔਲਖ ਨੇ ਖਨੌਰੀ ਮੋਰਚੇ ਵਿੱਚ ਜਾਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਆਪੋ-ਆਪਣੇ ਸਾਧਨਾਂ ਨਾਲ ਸਵੇਰੇ 9 ਵਜੇ ਤੱਕ ਝੋਰੜ ਰੋਹੀ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰਨ। ਇਸ ਮੌਕੇ ਅੰਗਰੇਜ਼ ਸਿੰਘ ਕੋਟਲੀ, ਗੁਰਲਾਲ ਸਿੰਘ ਭੰਗੂ, ਬਲਕੌਰ ਸਿੰਘ ਫੱਗੂ, ਪਵਨ ਕੁਮਾਰ ਕਸ਼ਿਕਾ ਬੈਸ, ਅਮਰੀਕ ਸਿੰਘ ਮੋਗੀਵਾਲਾ, ਸਰਦੂਲ ਸਿੰਘ, ਸੁਭਾਸ਼ ਝੋਰੜ ਬਚੇਰ, ਭਾਰਤ ਗੋਦਾਰਾ ਰੋਹੀਆਂਵਾਲੀ, ਸੁਖਰਾਜ ਸਿੰਘ ਰਘੂਆਣਾ, ਜੀਤ ਸਿੰਘ ਥਿਰਾਜ, ਕਰਮਤੇਜ ਸਿੰਘ ਪੰਜੂਆਣਾ, ਗੁਰਦੀਪ ਸਿੰਘ ਮੱਲੇਵਾਲਾ, ਕਰਮਜੀਤ ਸਿੰਘ ਏਲਨਾਬਾਦ ਸ਼ਾਮਲ ਸਨ।



# ਡਾ. ਰਾਜਨ ਆਈ ਕੇਅਰ ਫਗਵਾੜਾ 'ਚ ਸ਼ੁਰੂ ਹੋਈ ਅੱਖਾਂ ਦੇ ਪਿਛਲੇ ਪਰਦੇ ਦੇ ਆਪ੍ਰੇਸ਼ਨ ਦੀ ਸੁਵਿਧਾ

## ਹਸਪਤਾਲ ਸਟਾਫ ਨੇ ਡਾ. ਅਜੇ ਕਪੂਰ ਦਾ ਕੀਤਾ ਨਿੱਘਾ ਸਵਾਗਤ




ਪੰਜਾਬ ਦਾ ਖੁਲਾਸਾ

**ਫਗਵਾੜਾ 23 ਨਵੰਬਰ (ਪ੍ਰੀਤ ਕੌਰ ਪ੍ਰੀਤੀ )** ਅੱਖਾਂ ਦੇ ਪਿਛਲੇ ਪਰਦੇ ਦੀਆਂ ਬਿਮਾਰੀਆਂ ਰੈਟੀਨਲ ਡੀਟੈਚਮੈਂਟ (ਪਰਦੇ ਦਾ ਉੱਖੜ ਜਾਣਾ), ਪਰਦੇ ਵਿੱਚ ਖ਼ੂਨ ਆਉਣਾ, ਪਰਦੇ ਦਾ ਫਟ ਜਾਣਾ ਆਦਿ ਬਿਮਾਰੀਆਂ ਦੇ ਇਲਾਜ਼ ਲਈ ਜਿੱਥੇ ਪਹਿਲਾਂ ਚੰਡੀਗੜ੍ਹ ਜਾਂ ਦਿੱਲੀ ਜਾਣਾ ਪੈਂਦਾ ਸੀ, ਹੁਣ ਇਹਨਾਂ ਬਿਮਾਰੀਆਂ ਦੇ ਇਲਾਜ ਦੀ ਸੁਵਿਧਾ ਡਾ. ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਵਿਖੇ ਸ਼ੁਰੂ ਕਰ ਦਿੱਤੀ ਗਈ ਹੈ। ਵਧੇਰੇ ਜਾਣਕਾਰੀ ਦਿੰਦਿਆਂ ਅੱਖਾਂ ਦੇ ਮਾਹਿਰ ਅਤੇ ਹਸਪਤਾਲ ਦੇ ਚੀਫ ਆਈ ਸਰਜਨ ਡਾ. ਐਸ. ਰਾਜਨ ਨੇ ਦੱਸਿਆ ਕਿ ਡਾ. ਅਜੇ ਕਪੂਰ (ਐਮ.ਬੀ.ਬੀ.ਐਸ.,ਐਮ.ਐਸ.) ਜਿਹਨਾਂ ਨੇ ਏ.ਆਈ.ਆਈ.ਐਮ.ਐਸ. (ਏਮਸ) ਦਿੱਲੀ ਅਤੇ ਐਲ.ਵੀ. ਪ੍ਰਸਾਦ ਆਈ ਇੰਸਟੀਚਿਊਟ ਤੋਂ ਪਿਛਲੇ ਪਰਦੇ ਦੀਆਂ ਬਿਮਾਰੀਆਂ ਦੇ ਜਟਿਲ ਰੋਗਾਂ ਦੇ ਇਲਾਜ ਦੀ ਪੜ੍ਹਾਈ ਕੀਤੀ ਹੈ ਅਤੇ ਦਿੱਲੀ ਦੇ ਮਸ਼ਹੂਰ ਵੇਣੂ ਆਈ ਇੰਸਟੀਚਿਊਟ ਵਿਖੇ ਪਿਛਲੇ ਪਰਦੇ ਦੀਆਂ ਬਿਮਾਰੀਆਂ ਵਿਭਾਗ ਦੇ ਕਰੀਬ ਸੱਤ ਸਾਲ ਤੱਕ ਮੁਖੀ ਰਹੇ ਹਨ, ਉਹ ਹੁਣ ਡਾ. ਰਾਜਨ ਆਈ ਕੇਅਰ ਫਗਵਾੜਾ 'ਚ ਸੇਵਾਵਾਂ ਦੇਣਗੇ। ਇਸ ਮੌਕੇ ਡਾ. ਅਜੇ ਕਪੂਰ ਦਾ ਹਸਪਤਾਲ ਦੇ ਸਮੂਹ ਸਟਾਫ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਡਾ. ਅਜੇ ਕਪੂਰ ਨੇ ਗੱਲਬਾਤ ਦੌਰਾਨ ਕਿਹਾ ਕਿ ਅੱਖਾਂ ਦੇ ਪਿਛਲੇ ਪਰਦੇ ਦੀਆਂ ਬਿਮਾਰੀਆਂ ਪ੍ਰਤੀ ਲਾਪਰਵਾਹੀ ਖਤਰਨਾਕ ਹੋ ਸਕਦੀ ਹੈ। ਇਸ ਲਈ ਸਮਾਂ ਰਹਿੰਦੇ ਇਲਾਜ ਕਰਵਾਉਣਾ ਚਾਹੀਦਾ ਹੈ ਤਾਂ ਜੋ ਬਾਅਦ ਵਿਚ ਗੰਭੀਰ ਅਤੇ ਬੁਰੇ ਨਤੀਜੇ ਤੋਂ ਬਚਿਆ ਜਾ ਸਕੇ।

# ਡਾ. ਇਸ਼ਾਂਕ ਨੂੰ ਚੱਬੇਵਾਲ ਜਿਮਨੀ ਚੋਣ 'ਚ ਸ਼ਾਨਦਾਰ ਜਿੱਤ ਲਈ ਅਸ਼ੋਕ ਭਾਟੀਆ ਨੇ ਦਿੱਤੀਆਂ ਸ਼ੁੱਭ ਇੱਛਾਵਾਂ

ਪੰਜਾਬ ਦਾ ਖੁਲਾਸਾ



**ਫਗਵਾੜਾ 23 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਚੱਬੇਵਾਲ ਵਿਧਾਨਸਭਾ ਸੀਟ ਤੇ ਜਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉੱਮੀਦਵਾਰ ਡਾ. ਇਸ਼ਾਂਕ ਕੁਮਾਰ ਨੂੰ 28690 ਵੋਟਾਂ ਨਾਲ ਮਿਲੀ ਸ਼ਾਨਦਾਰ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਪ ਪਾਰਟੀ ਦੇ ਜਿਲ੍ਹਾ ਸਕੱਤਰ ਅਸ਼ੋਕ ਭਾਟੀਆ ਨੇ ਕਿਹਾ ਕਿ ਡਾ. ਇਸ਼ਾਂਕ ਦੇ ਪਿਤਾ ਅਤੇ ਹੁਸ਼ਿਆਰਪੁਰ ਲੋਕਸਭਾ ਹਲਕੇ ਤੋਂ ਆਪ ਪਾਰਟੀ ਦੇ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੀ ਮੱਦਦ ਨਾਲ ਖੇਤਰ ਦਾ ਜੋ ਵਿਕਾਸ ਕਰਵਾਇਆ ਹੈ, ਇਹ ਜਿੱਤ ਉਸ ਨੂੰ ਲੈ ਕੇ ਜਨਤਾ ਦੀ ਸੰਤੁਸ਼ਟੀ ਦਾ ਪ੍ਰਗਟਾਵਾ ਹੈ। ਇਸ ਦੌਰਾਨ ਉਹਨਾਂ ਪੰਜਾਬ ਦੀਆਂ ਕੁੱਲ 4 ਵਿਚੋਂ 3 ਵਿਧਾਨਸਭਾ ਸੀਟਾਂ ਤੇ ਜਿਮਨੀ ਚੋਣ 'ਚ ਜਿੱਤ ਦਾ ਸਿਹਰਾ ਸੂਬਾ ਸਰਕਾਰ ਦੀ ਵਧੀਆ ਕਾਰਗੁਜਾਰੀ ਅਤੇ ਸੀਨੀਅਰ ਲੀਡਰਸ਼ਿਪ ਦੀ ਕਾਰਗਰ ਚੋਣ ਰਣਨੀਤੀ ਸਿਰ ਸਜਾਇਆ। ਉਹਨਾਂ ਕਿਹਾ ਕਿ ਸੂਬੇ ਦੀ ਜਨਤਾ ਨੇ ਇੱਕ ਵਾਰ ਫਿਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸਰਕਾਰ ਦੀਆਂ ਪੰਜਾਬ ਪੱਖੀ ਨੀਤੀਆਂ ਤੇ ਮੋਹਰ ਲਗਾਈ ਹੈ। ਕਿਉਂਕਿ ਜਨਤਾ ਸਮਝ ਚੁੱਕੀ ਹੈ ਕਿ ਪੰਜਾਬ ਦੀ ਭਲਾਈ ਅਤੇ ਵਿਕਾਸ ਲਈ ਆਪ ਪਾਰਟੀ ਦਾ ਕੋਈ ਦੂਸਰਾ ਬਦਲ ਨਹੀਂ ਹੈ। ਉਹਨਾਂ ਨੇ ਪੂਰੇ ਜੋਸ਼ ਨਾਲ ਕਿਹਾ ਕਿ ਜਿਮਨੀ ਚੋਣ ਨਤੀਜੇ ਆਉਂਦੀਆਂ ਕਾਰਪੋਰੇਸ਼ਨ ਚੋਣਾਂ ਦੇ ਨਤੀਜਿਆਂ ਦੀ ਤਸਵੀਰ ਪੇਸ਼ ਕਰਦੇ ਹਨ ਅਤੇ ਦੱਸਦੇ ਹਨ ਕਿ ਕਾਰਪੋਰੇਸ਼ਨ ਚੋਣਾਂ 'ਚ ਵੀ ਵਿਰੋਧੀ ਧਿਰਾਂ ਦੀ ਇਸੇ ਤਰ੍ਹਾਂ ਦੁਰਗਤੀ ਹੋਣ ਵਾਲੀ ਹੈ। ਉਹਨਾਂ ਨੇ ਫਗਵਾੜਾ ਦੇ ਸਮੂਹ ਪਾਰਟੀ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਕਾਰਪੋਰੇਸ਼ਨ ਚੋਣਾਂ ਲਈ ਤਿਆਰ ਰਹਿਣ ਤਾਂ ਜੋ ਫਗਵਾੜਾ ਦੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਸ਼ਾਨਦਾਰ ਜਿੱਤੇ ਦੇ ਨਾਲ ਫਗਵਾੜਾ ਕਾਰਪੋਰੇਸ਼ਨ ਤੇ 'ਆਪ' ਪਾਰਟੀ ਦਾ ਝੰਡਾ ਲਹਿਰਾਇਆ ਜਾ ਸਕੇ।

# ਭਾਜਪਾ ਮਹਿਲਾ ਮੋਰਚਾ ਦੀ ਜਿਲ੍ਹਾ ਜਨਰਲ ਸਕੱਤਰ ਸੀਮਾ ਰਾਣਾ ਆਪ ਪਾਰਟੀ 'ਚ ਹੋਈ ਸ਼ਾਮਲ

ਪੰਜਾਬ ਦਾ ਖੁਲਾਸਾ



**ਫਗਵਾੜਾ 23 ਨਵੰਬਰ ( ਪ੍ਰੀਤ ਕੌਰ ਪ੍ਰੀਤੀ )** ਫਗਵਾੜਾ ਭਾਜਪਾ ਨੂੰ ਝਟਕਾ ਦਿੰਦੇ ਹੋਏ ਮਹਿਲਾ ਮੋਰਚਾ ਜਿਲ੍ਹਾ ਕਪੂਰਥਲਾ ਦੀ ਜਨਰਲ ਸਕੱਤਰ ਸੀਮਾ ਰਾਣਾ ਨੇ ਵੀ ਆਪ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੀ ਹਾਜਰੀ ਵਿਚ ਭਾਜਪਾ ਨੂੰ ਅਲਵਿਦਾ ਆਖਦੇ ਹੋਏ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਜਿਹਨਾਂ ਦਾ ਸਵਾਗਤ ਜੋਗਿੰਦਰ ਸਿੰਘ ਮਾਨ ਅਤੇ ਆਪ ਪਾਰਟੀ ਦੇ ਪੰਜਾਬ ਸਪੋਕਸ ਪਰਸਨ ਹਰਨੂਰ ਸਿੰਘ ਹਰਜੀ ਮਾਨ ਵਲੋਂ ਕੀਤਾ ਗਿਆ। ਜੋਗਿੰਦਰ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੀ ਸਰਕਾਰ ਦੀ ਸਿਰਫ ਢਾਈ ਸਾਲ ਦੀ ਕਾਰਗੁਜਾਰੀ ਨੇ ਵਿਰੋਧੀ ਪਾਰਟੀਆਂ ਨੂੰ ਢਹਿ-ਢੇਰੀ ਕਰਕੇ ਰੱਖ ਦਿੱਤਾ ਹੈ। ਸਾਰੀਆਂ ਪਾਰਟੀਆਂ ਦੇ ਵਰਕਰਾਂ ਵਿਚ ਨਿਰਾਸ਼ਾ ਹੈ ਅਤੇ ਉਹ ਵੀ ਦੇਖ ਰਹੇ ਹਨ ਕਿ ਸਿਰਫ ਆਮ ਆਦਮੀ ਪਾਰਟੀ ਹੀ ਪੰਜਾਬ ਪੱਖੀ ਸੋਚ 'ਤੇ ਪਹਿਰਾ ਦੇ ਰਹੀ ਹੈ। ਪੰਜਾਬ ਦੇ ਵਿਕਾਸ ਵਿਚ ਯੋਗਦਾਨ ਪਾਉਂਦੇ ਹੋਏ ਜੇਕਰ ਸੂਬੇ ਨੂੰ ਰੰਗਲਾ ਪੰਜਾਬ ਬਨਾਉਣਾ ਹੈ ਤਾਂ ਆਪ ਪਾਰਟੀ ਦਾ ਲੜ ਫੜਨਾ ਜਰੂਰੀ ਹੈ। ਉਹਨਾਂ ਭਰੋਸਾ ਜਤਾਇਆ ਕਿ ਵਿਰੋਧੀ ਧਿਰ ਦੇ ਹੋਰ ਮਹਿਲਾ ਤੇ ਯੂਥ ਵਰਕਰ ਵੀ ਪੰਜਾਬ ਦੀ ਭਲਾਈ ਲਈ ਆਪ ਪਾਰਟੀ ਵਿਚ ਸ਼ਾਮਲ ਹੋਣ ਬਾਰੇ ਵਿਚਾਰ ਕਰਨਗੇ। ਇਸੇ ਦੌਰਾਨ ਸੀਨੀਅਰ ਕਾਂਗਰਸੀ ਆਗੂ ਸੁਖਦੇਵ ਸਿੰਘ ਕਾਕਾ ਅਤੇ ਖੁਸ਼ਦੀਪ ਸਿੰਘ ਨਿੱਕੀ ਨੇ ਵੀ ਆਪ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਜਿਹਨਾਂ ਨੂੰ ਵੀ ਜੋਗਿੰਦਰ ਮਾਨ ਤੇ ਹਰਜੀ ਮਾਨ ਨੇ ਪੂਰਾ ਮਾਣ ਸਤਿਕਾਰ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਗੁਰਦੀਪ ਸਿੰਘ ਦੀਪਾ, ਦਲਜੀਤ ਰਾਜੂ ਦਰਵੇਸ਼ ਪਿੰਡ, ਰਵਿੰਦਰ ਬੇਦੀ, ਵਰੁਣ ਬੰਗੜ ਸਰਪੰਚ ਚੱਕ ਹਕੀਮ, ਗੁਰਦੀਪ ਸਿੰਘ ਤੁੱਲੀ ਕੋਆਰਡੀਨੇਟਰ ਵਪਾਰ ਸੈਲ, ਅਵਤਾਰ ਸਿੰਘ ਪੰਡਵਾ, ਰਵੀ ਕੁਮਾਰ ਮੰਤਰੀ, ਪਰਮਜੀਤ ਧਰਮਸੋਤ, ਮਨਪ੍ਰੀਤ ਸਿੰਘ ਆਦਿ ਹਾਜਰ ਸਨ।

# ਡੇਰੇ ਦੇ ਪ੍ਰਬੰਧਕਾਂ ਵੱਲੋਂ ਮਹੰਤ ਜੰਗੀਰ ਦਾਸ ਦੀ ਮਨਾਈ ਬਰਸੀ

ਪੰਜਾਬ ਦਾ ਖੁਲਾਸਾ

**ਤਪਾ ਮੰਡੀ, 23 ਨਵੰਬਰ** - ਸਥਾਨਕ ਬਾਹਰਲਾ ਡੇਰਾ ਦੇ ਮਹੰਤ ਬੁੱਕਣ ਦਾਸ, ਮਹੰਤ ਬੀਰਬਲ ਦਾਸ, ਮਹੰਤ ਰਘਵੀਰ ਦਾਸ ਅਤੇ ਮਹੰਤ ਸੋਮ ਦਾਸ ਦੀ ਅਗਵਾਈ ਹੇਠ ਮਹੰਤ ਜੰਗੀਰ ਦਾਸ ਜੀ ਦੀ ਬਰਸੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਰਮਾਇਣ ਦੇ ਪਾਠ ਦੇ ਭੋਗ ਪਾਏ ਗਏ ਅਤੇ ਮੱਖਣ ਸ਼ਰਮਾ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵੀਰਗਿਰ ਆਸ਼ਰਮ ਦੇ ਮੁੱਖ ਸੰਚਾਲਕ ਸੰਤ ਬਾਬਾ ਰਾਜਗਿਰ ਜੀ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਧਾਲੀਵਾਲ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਤਰਲੋਚਨ ਬਾਂਸਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਭਗਵਾਨ ਸ਼੍ਰੀ ਰਾਮ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੰਤ ਰਾਜਗਿਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡੇਰੇ ਦੇ ਪ੍ਰਬੰਧਕਾਂ ਵੱਲੋਂ ਮਹੰਤ ਜਗਰ ਦਾਸ ਜੀ ਦੀ ਬਰਸੀ ਹਰ ਬਰੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਇਸ ਮੌਕੇ ਆਰਤੀ ਕਰਕੇ ਅਤੁੱਟ ਭੰਡਾਰਾ ਵਰਤਾਇਆ ਗਿਆ। ਇਸ ਮੌਕੇ ਬਾਬਾ ਮੋਹਨ ਦਾਸ, ਸਾਬਕਾ ਮੈਨੇਜਰ ਜਗਨ ਨਾਥ ਸ਼ਰਮਾ, ਨੰਬਰਦਾਰ ਜਗਰਾਜ ਸਿੰਘ, ਕੋਸਲਰ ਹਰਦੀਪ ਸਿੰਘ ਪੋਪਲ, ਹਰਦੀਪ ਢਿੱਲੋਂ, ਦਵਿੰਦਰ ਟੀਟੂ ਦੀਕਸ਼ਿਤ,ਡਾ ਮੱਲ ਦੀਕਸ਼ਿਤ, ਮਾਸਟਰ ਨਰਾਇਣ ਦਾਸ ਮਹੰਤ ਗੋਗੀ ਦਾਸ ਮਹੰਤ ਹਰੀਸ਼ ਕੁਮਾਰ, ਮਾਸਟਰ ਯਸ਼ਪਾਲ ਸ਼ਰਮਾ, ਮੈਨੇਜਰ ਸੁਰਿੰਦਰ ਕੁਮਾਰ,ਵਿਜੇ ਦੈਂਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂ ਐਲਾਨ ਆ ਹਾਜ਼ਰ ਸਨ।

# ਡੀ ਏ ਪੀ ਖਾਦ ਦੀ ਜਮਾਂਖੋਰੀ ਅਤੇ ਕਾਲਾਬਜ਼ਾਰੀ ਰੋਕਣ ਲਈ ਖਾਦ ਵਿਕਰੇਤਾਵਾਂ ਅਤੇ ਸਹਿਕਾਰੀ ਸਭਾਵਾਂ ਦੀ ਨਿਰੰਤਰ ਹੋ ਰਹੀ ਚੈਕਿੰਗ

ਪੰਜਾਬ ਦਾ ਖੁਲਾਸਾ



**ਸਾਦਿਕ 23 ਨਵੰਬਰ 2024 (ਗੁਰਦੀਪ ਸਿੰਘ ਢਿੱਲੋਂ)**:- ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਦੇ ਹੁਕਮਾਂ ਤੇ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਕੀਤੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਟੀਮਾਂ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹੇ ਵਿੱਚ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਸਹਿਕਾਰੀ ਸਭਾਵਾਂ ਅਤੇ ਖਾਦ ਵਿਕਰੇਤਾਵਾਂ ਨਾਲ ਸੰਬੰਧਤ ਗੋਦਾਮਾਂ ਦੀ ਅਚਨਚੇਤ ਚੈਕਿੰਗ ਲਗਾਤਾਰ ਜਾਰੀ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲੇ ਵਿਚ 70 ਪ੍ਰਤੀਸ਼ਤ ਰਕਬੇ ਵਿੱਚ ਕਣਕ ਦੀ ਬਿਜਾਈ ਹੋ ਚੁੱਕੀ ਹੈ ਤੇ ਕਿਸਾਨ ਵੀ ਡੀ.ਏ.ਪੀ ਦੇ ਬਦਲ ਵਜੋਂ ਹੋਰ ਫਾਸਫੈਟਿਕ ਖਾਦਾਂ ਦੀ ਵਰਤੋਂ ਕਰ ਰਹੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਡੀ ਏ ਪੀ ਖਾਦ ਦੀ ਕਾਲਾਬਜ਼ਾਰੀ ਅਤੇ ਜਮਾਂਖੋਰੀ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਗਈ ਹੈ ਤਾਂ ਕਿਸਾਨਾਂ ਨੂੰ ਦੀ ਏ ਪੀ ਖਾਦ ਜ਼ਰੂਰਤ ਅਨੁਸਾਰ ਮਿਲਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨਾਂ ਦੱਸਿਆ ਕਿ ਕਣਕ ਦੀ ਕਾਸ਼ਤ ਲਈ ਫਾਸਫੋਰਸ ਦੀ ਪੂਰਤੀ ਲਈ ਹੁਣ ਡੀ ਏ ਪੀ ਦੇ ਹੋਰ ਬਦਲ ਬਾਜ਼ਾਰ ਵਿਚ ਮੌਜੂਦ ਹਨ, ਜਿਨ੍ਹਾਂ ਵਿੱਚ ਟ੍ਰਿਪਲ ਸੁਪਰ ਫਾਸਫੇਟ ਖਾਦ ,ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੇ ਨਾਮ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਟ੍ਰਿਪਲ ਸਪਰ ਫਾਸਫੇਟ ਵਿੱਚ ਡੀ ਏ ਪੀ ਵਾਂਗੂ 46% ਫਾਸਫੋਰਸ ਤੱਤ ਹੁੰਦਾ ਹੈ ਅਤੇ ਇਸ ਦੀ ਕੀਮਤ ਪ੍ਰਤੀ ਬੋਰੀ 1250/-ਰੁਪਏ ਹੈ ਜਦ ਕਿ ਡੀ ਏ ਪੀ ਦੀ ਕੀਮਤ ਪ੍ਰਤੀ ਬੈਗ 1350/- ਰੁਪਏ ਹੈ।ਉਨਾਂ ਦੱਸਿਆ ਕਿ ਕਿਸਾਨ ਖਾਦ (12:32:16) ਦੀ ਵਰਤੋਂ ਵੀ ਡੀ ਏ ਪੀ ਦੇ ਬਦਲ ਵਜੋਂ ਕੀਤੀ ਜਾ ਸਕਦੀ ਹੈ ।

# ਪੀਐੱਮ ਵਿਸ਼ਵਕਰਮਾ ਯੋਜਨਾ ਤਹਿਤ ਜ਼ਿਲ੍ਹਾ ਇੰਪਲੀਮੈਂਟੇਸ਼ਨ ਕਮੇਟੀ ਦੀ ਪੰਜਵੀਂ ਮੀਟਿੰਗ ਹੋਈ

ਪੰਜਾਬ ਦਾ ਖੁਲਾਸਾ



**ਫ਼ਰੀਦਕੋਟ, 23 ਨਵੰਬਰ 2024(ਗੁਰਦੀਪ ਸਿੰਘ ਢਿੱਲੋਂ)**:- ਭਾਰਤ ਸਰਕਾਰ ਦੇ ਪੀਐੱਮ ਵਿਸ਼ਵਕਰਮਾ ਯੋਜਨਾ ਤਹਿਤ ਜ਼ਿਲ੍ਹਾ ਫਰੀਦਕੋਟ ਵਿੱਚ ਗਠਿਤ ਜ਼ਿਲ੍ਹਾ ਇੰਪਲੀਮੈਂਟੇਸ਼ਨ ਕਮੇਟੀ ਦੀ ਪੰਜਵੀਂ ਮੀਟਿੰਗ ਡਿਪਟੀ ਕਮਿਸ਼ਨਰ ਸ਼੍ਰੀ ਵਿਨੀਤ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਫਰੀਦਕੋਟ ਦੇ ਸਮੂਹ ਕਾਰੀਗਰਾਂ ਨੂੰ ਪੀਐੱਮ ਵਿਸ਼ਵਕਰਮਾ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ 18 ਕਿੱਤੇ ਜਿਸ ਵਿੱਚ ਤਰਖਾਣ, ਲੋਹਾਰ, ਸੁਨਿਆਰਾ, ਮੋਚੀ, ਘੁਮਿਆਰ, ਧੋਬੀ ਤਰਖਾਣ, ਨਾਈ, ਮੂਰਤੀਕਾਰ, ਟੇਲਰ (ਦਰਜੀ), ਰਾਜਮਿਸਤਰੀ, ਸ਼ਸਤਰ ਬਣਾਉਣ ਵਾਲਾ, ਤਾਲਾ ਬਣਾਉਣ ਵਾਲਾ, ਕਿਸ਼ਤੀ ਬਣਾਉਣ ਵਾਲਾ, ਗੁੱਡੀ ਤੇ ਖਿਡੌਣਾ ਬਣਾਉਣ ਵਾਲਾ, ਹਮੀਰ ਅਤੇ ਟੂਲ ਕਿੱਟ ਬਣਾਉਣ ਵਾਲਾ, ਟੋਕਰੀ/ਚਟਾਈ ਬਣਾਉਣ ਵਾਲਾ, ਗਾਰਲੈਂਡਰ (ਮਾਲਾ ਬਣਾਉਣ ਵਾਲਾ) ਮੱਛੀ ਫੜਨ ਲਈ ਨੈੱਟ ਬਣਾਉਣ ਵਾਲਾ ਆਦਿ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਲਾਭਪਾਤਰੀਆਂ ਨੂੰ ਪ੍ਰਧਾਨ ਮੰਤਰੀ ਵਿਸ਼ਵਕਰਮਾ ਸਰਟੀਫਿਕੇਟ ਅਤੇ ਆਈਡੀ ਕਾਰਡ ਜਾਰੀ ਕੀਤਾ ਜਾਵੇਗਾ ਅਤੇ ਲਾਭਪਾਤਰੀ ਨੂੰ 15,000 ਰੁਪਏ ਦਾ ਟੂਲਕਿਟ ਪ੍ਰੋਤਸਾਹਨ, 500 ਰੁਪਏ ਪ੍ਰਤੀ ਦਿਨ ਦੇ ਵਜੀਫੇ ਨਾਲ ਮੁੱਢਲੀ ਹੁਨਰ ਸਿਖਲਾਈ 18 ਮਹੀਨਿਆਂ ਦੀ ਮੁੜ ਅਦਾਇਗੀ ਦੀ ਮਿਆਦ ਦੇ ਨਾਲ 1 ਲੱਖ ਰੁਪਏ ਤਕ ਦਾ ਕਰਜ਼ਾ, 500 ਰੁਪਏ ਪ੍ਰਤੀ ਦਿਨ ਦੇ ਵਜੀਫੇ ਨਾਲ ਐਡਵਾਂਸ ਹੁਨਰ ਸਿਖਲਾਈ ਅਤੇ 30 ਮਹੀਨਿਆਂ ਦੀ ਮੁੜ ਅਦਾਇਗੀ ਦੀ ਮਿਆਦ ਦੇ ਨਾਲ 2 ਲੱਖ ਰੁਪਏ ਤਕ ਦੇ ਕਰਜ਼ੇ ਦੀ ਕਿਸ਼ਤ ਪ੍ਰਾਪਤ ਕਰਨ ਯੋਗ ਹੋਵੇਗਾ। ਇਸ ਸਕੀਮ ਦਾ ਲਾਭ ਲੈਣ ਲਈ ਕਾਰੀਗਰ ਆਪਣੇ ਪਿੰਡਾ ਵਿਚ ਸਥਿਤ ਸੀਐੱਸਸੀ ਸੈਂਟਰਾਂ 'ਤੇ ਬਿਨਾਂ ਕਿਸੇ ਕੀਮਤ ਤੋਂ ਆਨਲਾਈਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਕਾਰੀਗਰਾਂ/ ਵਿਸ਼ਵਕਰਮਾ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪੁਰਜ਼ੋਰ ਅਪੀਲ ਕੀਤੀ ਅਤੇ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਫ਼ਰੀਦਕੋਟ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵਧ-ਫੈਲ ਰਿਹਾ ਦਵਾਈਆਂ ਦਾ ਬਾਜ਼ਾਰ



ਕਿਸੇ ਦੇ ਵੀ ਘਰ ਚਲੇ ਜਾਉ, ਰਸੋਈ ਦੇ ਖਾਣ-ਪੀਣ ਦੇ ਸਮਾਨ ਵਾਂਗ ਦਵਾਈਆਂ ਦਾ ਵੀ ਡੱਬਾ ਜ਼ਰੂਰ ਮਿਲੇਗਾ। ਅੰਦਾਜ਼ਾ ਲੱਗ ਸਕਦਾ ਕਿ ਘਰ ਦੇ ਮਹੀਨੇ ਦੇ ਬਜਟ ਵਿਚ ਜਿਥੇ ਰਸੋਈ ਸ਼ਾਮਲ ਹੈ, ਹੋਰ ਸਬਜ਼ੀ-ਭਾਜੀ ਜਾਂ ਬਿਜਲੀ ਦਾ ਬਿੱਲ, ਉਥੇ ਦਵਾਈਆਂ ਵੀ ਆਮ ਬਜਟ ਵਿਚ ਸ਼ਾਮਲ ਹੋ ਗਈਆਂ ਹਨ। ਇਹ ਦਵਾਈਆਂ ਉਹ ਨਹੀਂ ਜੋ ਲੰਮੀਆਂ ਬਿਮਾਰੀਆਂ ਜਿਵੇਂ ਸ਼ੂਗਰ ਤੇ ਬਲੱਡ ਪ੍ਰੈਸ਼ਰ ਲਈ ਰੋਜ਼ਾਨਾ ਵਰਤਣੀਆਂ ਪੈਂਦੀਆਂ, ਇਹ ਆਮ ਵਰਤੋਂ ਵਿਚ ਆਉਣ ਵਾਲੀਆਂ ਬਿਮਾਰੀਆਂ ਜਿਵੇਂ ਬੁਖ਼ਾਰ, ਸਿਰ ਦਰਦ, ਜੀਅ ਕੱਚਾ ਹੋਣਾ, ਪੇਟ ਖਰਾਬ ਜਾਂ ਜੋੜਾਂ ਦਾ ਦਰਦ ਆਦਿ ਦੀਆਂ ਹੁੰਦੀਆਂ; ਮਤਲਬ, ਅਸੀਂ ਦਵਾਈਆਂ ਭਰੋਸੇ ਚੱਲਣ ਵਾਲੇ ਸਮਾਜ ਵਿਚ ਰਹਿ ਰਹੇ ਹਾਂ।

ਦਵਾਈਆਂ ਦੀ ਵਰਤੋਂ ਸਮਾਜ ਵਿਚ ਉਦੋਂ ਤੋਂ ਹੋ ਰਹੀ ਹੈ ਜਦੋਂ ਤੋਂ ਮਨੁੱਖ ਨੇ ਖ਼ੁਦ ਨੂੰ ਧਰਤੀ 'ਤੇ ਰੂਪਮਾਨ ਕੀਤਾ ਹੈ। ਪੇਟ ਦੀ ਭੁੱਖ ਨਾਲ ਜਿਥੇ ਮਨੁੱਖ ਨੇ ਦਰੱਖਤਾਂ, ਫਲਾਂ 'ਤੇ ਖ਼ੁਦ ਨੂੰ ਨਿਰਭਰ ਕੀਤਾ, ਉਸੇ ਤਰ੍ਹਾਂ ਦਰਦ ਵਰਗੀ ਕਿਸੇ ਤਕਲੀਫ਼ ਲਈ ਦਰੱਖਤਾਂ, ਪੌਦਿਆਂ ਦਾ ਹੀ ਸਹਾਰਾ ਲਿਆ। ਸਾਡੀ ਆਪਣੀ ਆਯੁਰਵੈਦਿਕ ਪ੍ਰਣਾਲੀ ਦਰੱਖਤਾਂ, ਪੌਦਿਆਂ ਤੋਂ ਹੀ ਪੈਦਾ ਹੋਈ ਹੈ। ਅੱਜ ਭਾਵੇਂ ਆਯੁਰਵੈਦਿਕ ਤੇ ਭਾਵੇਂ ਆਧੁਨਿਕ ਵਿਗਿਆਨ ਹੇਠ ਪ੍ਰਚਾਰੀ ਸਮਝੀ ਜਾਂਦੀ ਦਵਾ ਵਿਚੋਂ ਬਹੁਤੀਆਂ ਅਜੇ ਵੀ ਇਨ੍ਹਾਂ ਦਰਖਤਾਂ, ਪੌਦਿਆਂ, ਫਲਾਂ-ਫੁੱਲਾਂ ਦੇ ਰਸ ਤੋਂ ਤਿਆਰ ਹੁੰਦੀਆਂ ਹਨ। ਆਧੁਨਿਕ ਵਿਗਿਆਨ ਨੇ ਕਈ ਦਵਾਈਆਂ ਖ਼ੁਦ ਲੈਬਾਰਟਰੀ ਵਿਚ ਵੀ ਤਿਆਰ ਕੀਤੀਆਂ ਹਨ। ਲੈਬਾਰਟਰੀਆਂ ਵਿਚ ਤਿਆਰ ਰਸਾਇਣ ਕਈ-ਕਈ ਤਜਰਬੇ ਕਰ ਕੇ ਦਵਾਈਆਂ ਤੋਂ ਫਾਇਦਾ ਵੀ ਲੈ ਰਹੇ ਹਨ ਤੇ ਨੁਕਸਾਨ ਵੀ ਹੋ ਰਿਹਾ ਹੈ।

ਦਵਾਈਆਂ ਦਾ ਆਰੰਭ ਮਨੁੱਖੀ ਪੀੜ ਘਟਾਉਣ ਜਾਂ ਬਿਲਕੁਲ ਹੀ ਖ਼ਤਮ ਕਰਨ ਲਈ ਹੋਇਆ ਪਰ ਇਹ ਕਦੋਂ ਬਾਜ਼ਾਰ ਅਤੇ ਰੋਜ਼ਮੱਰਾ ਇਸਤੇਮਾਲ ਹੋਣ ਵਾਲੀ ਵਸਤੂ ਬਣ ਗਈ, ਇਹ ਪਤਾ ਹੀ ਨਹੀਂ ਲੱਗਿਆ। ਦਵਾਈਆਂ ਦਾ ਇਸਤੇਮਾਲ ਸਾਨੂੰ ਸਿਹਤਮੰਦ ਕਰਦਾ ਹੈ ਤੇ ਜ਼ਿੰਦਗੀ ਨੂੰ ਸਹੀ ਰਾਹ ਪਾਉਂਦਾ ਹੈ। ਦਰਅਸਲ, ਇੱਥੇ ਉਹ ਗੱਲ ਪਈ ਹੈ ਕਿ ਕਦੋਂ ਸਾਡੀ ਜ਼ਿੰਦਗੀ ਵਿਚ ਸਹਿਜ ਗੁੰਮ ਹੋ ਗਿਆ ਤੇ ਅਸੀਂ ਭੱਜ-ਨੱਠ ਵਾਲੀ ਜ਼ਿੰਦਗੀ ਵਿਚ ਪਹੁੰਚ ਗਏ। ਸਮਾਜ ਦੀ ਰਫ਼ਤਾਰ ਇੰਨੀ ਤੇਜ਼ ਹੋ ਗਈ ਕਿ ਇਕ ਮਿੰਟ ਦੀ ਵਿਹਲ ਵੀ ਸਾਨੂੰ ਚੁਭਣ ਲੱਗ ਪਈ। ਸਰਮਾਏਦਾਰੀ ਵਿਵਸਥਾ ਵਿਚ ਭੱਜ-ਦੌੜ ਅਹਿਮ ਪਹਿਲੂ ਹੈ। ਸਰਮਾਏਦਾਰ ਮੁਨਾਫ਼ੇ ਲਈ ਹਰ ਵਕਤ ਦੌੜਦਾ ਰਹਿੰਦਾ ਹੈ ਅਤੇ ਆਪਣੇ ਲਈ ਕੰਮ ਕਰ ਰਹੇ ਲੋਕਾਂ ਨੂੰ ਸੌਣ ਨਹੀਂ ਦਿੰਦਾ। ਉਹ ਮੁਨਾਫ਼ੇ ਲਈ ਹਰ ਹਰਬਾ ਵਰਤਦਾ ਹੈ; ਇਹ ਭਾਵੇਂ ਭਾਈਚਾਰਕ ਸਾਂਝ ਹੋਵੇ, ਦੋਸਤੀ ਤੇ ਪਿਆਰ ਜਾਂ ਪਰਿਵਾਰ ਦਾ ਸਕੂਨ ਹੋਵੇ। ਇਹ ਗੱਲਾਂ ਅਸੀਂ ਦਵਾਈਆਂ ਦੇ ਵਧ ਰਹੇ ਪਸਾਰ ਵਿਚ ਦੇਖ ਸਕਦੇ ਹਾਂ। ਦਵਾਈਆਂ ਉਤੇ ਛਾਪੀ ਮਿਆਦੀ ਤਾਰੀਕ ਬਾਰੇ ਸਵਾਲ ਉਠੇ ਹਨ ਕਿ ਇਹ ਜਾਣਬੁੱਝ ਕੇ ਘੱਟ ਰੱਖੀ ਜਾਂਦੀ ਹੈ ਤਾਂ ਕਿ ਪਈ-ਪਈ ਦਵਾਈ ਆਪਣੀ ਨਿਰਧਾਰਤ ਸੀਮਾ ਤੋਂ ਪਹਿਲਾਂ ਇਸਤੇਮਾਲ ਹੋਣ ਵਿਚ ਰਹਿ ਜਾਵੇ। ਇਸ ਤਰ੍ਹਾਂ ਤਕਰੀਬਨ ਲੱਖਾਂ ਰੁਪਏ ਦੀ ਦਵਾਈ ਬਰਬਾਦ ਹੁੰਦੀ ਹੈ। ਤੁਸੀਂ ਆਪ ਸੋਚੋ, ਨਿਰਧਾਰਤ ਤਰੀਕ 'ਤੇ ਉਹੀ ਦਵਾਈ ਇਸਤੇਮਾਲ ਹੋ ਰਹੀ ਹੁੰਦੀ ਹੈ ਤੇ ਫਿਰ ਇਕਦਮ ਉਹੀ ਦਵਾਈ ਬੇਕਾਰ ਹੋ ਜਾਂਦੀ ਹੈ। ਇਸੇ ਪਹਿਲੂ ਤੋਂ ਹੀ ਲੋਕਾਂ ਦੀ ਮਾਨਸਿਕਤਾ ਬਣ ਗਈ ਕਿ ਤਾਰੀਖ ਦੇਖ ਕੇ ਦਵਾਈ ਖਰੀਦਣੀ ਤੇ ਉਸੇ ਮੁਤਾਬਿਕ ਰੱਦੀ ਦੇ ਡੱਬੇ ਵਿਚ ਪਾ ਦੇਣੀ ਹੈ।

ਇਹ ਦਵਾਈਆਂ ਆਮ ਤੌਰ 'ਤੇ ਡਾਕਟਰਾਂ ਨੂੰ ਦਿਖਾ ਕੇ ਪਹਿਲੀ ਵਾਰ ਕੁਝ ਵੱਧ ਮਾਤਰਾ ਵਿਚ ਲੈ ਕੇ ਰੱਖ ਲਈਆਂ ਜਾਂਦੀਆਂ ਹਨ ਤਾਂ ਕਿ ਵਾਰ-ਵਾਰ ਡਾਕਟਰ ਨੂੰ ਦਿਖਾਉਣ ਅਤੇ ਫੀਸ ਦੇਣ ਤੋਂ ਬਚਿਆ ਜਾ ਸਕੇ। ਇਸ ਦਾ ਦੂਜਾ ਪੱਖ ਹੈ, ਕੈਮਿਸਟ ਤੋਂ ਪਰਚੀ ਦਿਖਾ ਕੇ ਦਵਾਈ ਲੈਣ ਦਾ ਰਿਵਾਜ਼। ਕੋਈ ਵੀ ਦਵਾਈ ਕੈਮਿਸਟ ਤੋਂ ਬਗੈਰ ਪਰਚੀ ਦਿਖਾਏ ਮਿਲ ਜਾਂਦੀ ਹੈ ਭਾਵੇਂ ਇਸ ਦਾ ਨੇਮ ਵੀ ਹੈ। ਇਸੇ ਤਰ੍ਹਾਂ ਇਕ ਹੋਰ ਪੱਖ- ਸੈਂਕੜੇ ਦਵਾਈਆਂ ਜੋ ਵਿਦੇਸ਼ਾਂ ਵਿਚ ਪਾਬੰਦੀਸ਼ੁਦਾ ਹਨ ਪਰ ਸਾਡੇ ਮੁਲਕ ਵਿਚ ਧੜੱਲੇ ਨਾਲ ਮਿਲਦੀਆਂ ਹਨ।

ਭਾਰਤ ਵਿੱਚ ਵਿਸ਼ਵ ਸਿਹਤ ਸੰਸਥਾ ਦੇ ਮਾਪਦੰਡ ਮੁਤਾਬਿਕ ਡਾਕਟਰਾਂ ਦੀ ਗਿਣਤੀ ਬਹੁਤ ਘੱਟ ਹੈ। ਤਕਰੀਬਨ ਹਰ ਪਿੰਡ ਵਿਚ ਕਈ ਗੈਰ-ਮਾਨਤਾ ਪ੍ਰਾਪਤ ਲੋਕ ਪੂਰੀ ਖੁੱਲ੍ਹ ਨਾਲ ਮੈਡੀਕਲ ਪ੍ਰੈਕਟਿਸ ਕਰ ਰਹੇ ਹਨ। ਉਨ੍ਹਾਂ ਦੀ ਸਫਲਤਾ ਪਿੱਛੇ ਰਾਜਨੀਤਕ ਮੰਤਵ ਵੀ ਹੈ ਅਤੇ ਵੱਡੇ ਪੱਧਰ 'ਤੇ ਡਾਕਟਰਾਂ ਦੀ ਘਾਟ ਵੀ। ਇਹ ਗੱਲ ਸਾਹਮਣੇ ਆਈ ਹੈ ਕਿ ਜੇ ਇਨ੍ਹਾਂ ਲੋਕਾਂ 'ਤੇ ਪਾਬੰਦੀ ਲਾ ਦਿੱਤੀ ਜਾਵੇ ਤਾਂ ਪੇਂਡੂ ਖਿੱਤੇ ਦੀ ਸਿਹਤ ਵਿਵਸਥਾ ਹਿੱਲ ਜਾਵੇਗੀ। ਇਹ ਇਕ ਵੱਡਾ ਕਾਰਨ ਹੈ ਜਿਸ ਕਰ ਕੇ ਦਵਾਈਆਂ ਦੀ ਦੁਰਵਰਤੋਂ ਹੋ ਰਹੀ ਹੈ। ਦੇਸ਼ ਦੀ ਸਿਹਤ ਵਿਵਸਥਾ ਅਤੇ ਦਵਾਈ ਤੰਤਰ ਹੌਲੀ-ਹੌਲੀ ਮਹਿੰਗਾ ਹੋ ਰਿਹਾ ਹੈ ਤੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਜਾ ਰਿਹਾ ਹੈ। ਇਹ ਵੀ ਇਕ ਕਾਰਨ ਹੈ ਕਿ ਲੋਕ ਦਵਾਈਆਂ ਆਪ ਹੀ ਇਸਤੇਮਾਲ ਕਰਨ ਨੂੰ ਪਹਿਲ ਦੇ ਰਹੇ ਹਨ। ਇਉਂ ਘਰੇ ਦਵਾਈਆਂ ਰੱਖਣ ਦਾ ਰੁਝਾਨ ਵਧ ਰਿਹਾ ਹੈ। ਦਵਾਈਆਂ ਦੀ ਵਧ ਰਹੀ ਵਿਕਰੀ ਕਾਰਨ ਦਵਾਈਆਂ ਦਾ ਬਾਜ਼ਾਰ ਬਹੁਤ ਤੇਜ਼ ਹੈ। ਦੇਖਣ ਵਿਚ ਆਇਆ ਹੈ ਕਿ ਨਕਲੀ ਦਵਾਈਆਂ ਦਾ ਵਪਾਰ ਵਧ ਰਿਹਾ ਹੈ। ਅੱਜ ਜੰਗ ਦੇ ਸਮਾਨ ਤੋਂ ਬਾਅਦ ਦਵਾਈਆਂ ਦਾ ਬਾਜ਼ਾਰ ਸਭ ਤੋਂ ਵੱਧ ਮੁਨਾਫ਼ਾ ਕਮਾ ਰਿਹਾ ਹੈ।

ਪੰਜਾਹ ਕੁ ਸਾਲ ਪਹਿਲਾਂ ਸਿਆਣੇ ਡਾਕਟਰ ਉਭਰ ਰਹੇ ਡਾਕਟਰਾਂ ਨੂੰ ਦੱਸਦੇ ਹੁੰਦੇ ਸਨ ਕਿ ਜਿਹੜਾ ਡਾਕਟਰ ਮਰੀਜ਼ ਦੀ ਜਾਂਚ ਕਰ ਕੇ ਇਕ ਦਵਾਈ ਲਿਖਦਾ ਹੈ ਤਾਂ ਮਤਲਬ ਹੈ ਕਿ ਉਸ ਨੂੰ ਬਿਮਾਰੀ ਸਮਝ ਆ ਗਈ ਹੈ। ਜੋ ਡਾਕਟਰ ਦੋ ਦਵਾਈਆਂ ਲਿਖਦਾ ਤਾਂ ਮਤਲਬ ਹੈ ਕਿ ਉਹ ਅਜੇ ਸ਼ੱਕ ਵਿਚ ਹੈ ਅਤੇ ਜੋ ਤਿੰਨ ਜਾਂ ਚਾਰ ਜਾਂ ਇਸ ਤੋਂ ਵੀ ਵੱਧ ਦਵਾਈਆਂ ਲਿਖਦਾ ਹੈ ਤਾਂ ਸਮਝੋ ਕਿ ਉਹ ਕਿਸੇ ਦਵਾ ਕੰਪਨੀ ਦਾ ਏਜੰਟ ਹੈ। ਇਸ ਹਿਸਾਬ ਅਨੁਸਾਰ, ਅੱਜ ਵਾਲੀਆਂ ਦਵਾਈ ਪਰਚੀਆਂ ਉਤੇ ਝਾਤੀ ਮਾਰੋ। ਕੋਈ ਵੀ ਪਰਚੀ ਸੱਤ-ਅੱਠ ਦਵਾਈਆਂ ਤੋਂ ਘੱਟ ਨਹੀਂ ਮਿਲੇਗੀ। ਕੁਝ ਦਵਾਈਆਂ ਤਾਂ ਪੱਕੀਆਂ ਹੀ ਹਨ ਜਿਵੇਂ ਤੇਜ਼ਾਬ ਬਣਨ ਤੋਂ ਰੋਕਣ ਵਾਲੀ, ਬੀ ਕੰਪੈਲਕਸ ਅਤੇ ਇਕ ਅੱਧੀ ਦਰਦ ਦੀ। ਪਰਚੀ ਵਿਚ ਜੋ ਖਾਸ ਹੁੰਦਾ ਹੈ, ਉਹ ਹੈ ਐਂਟੀਬਾਇਟਿਕ। ਐਂਟੀਬਾਇਟਿਕ ਦਵਾਈਆਂ ਦਾ ਜਣੇ ਖਣੇ ਦੇ ਹੱਥ ਆ ਜਾਣਾ ਮੁਸ਼ਕਿਲ ਪੈਦਾ ਕਰ ਗਿਆ ਹੈ। ਤੁਸੀਂ ਦੇਖਿਆ ਹੋਵੇਗਾ, ਐਂਟੀਬਾਇਟਿਕ ਬਾਰੇ ਇੱਕ ਤਾਂ ਦਵਾਈ ਦੀ ਮਿਕਦਾਰ ਦੀ ਗੱਲ ਹੈ; ਦੂਜਾ ਖਾਣ ਦਾ ਤਰੀਕਾ। ਉਂਝ, ਮਰੀਜ਼ ਮਰਜ਼ੀ ਨਾਲ ਮਿਕਦਾਰ ਘੱਟ ਕਰ ਲੈਂਦਾ ਜਾਂ ਖਾਣ ਦੇ ਸਮੇਂ ਨੂੰ ਅੱਗੇ ਪਿੱਛੇ ਕਰ ਲੈਂਦਾ ਹੈ। ਜੇ ਡਾਕਟਰ ਨੇ ਦਵਾਈ ਪੰਜ ਦਿਨ ਦੀ ਲਿਖੀ ਹੈ ਤਾਂ ਤਿੰਨ ਦਿਨ ਅਤੇ ਸੱਤ ਦਿਨ ਵਾਲੇ ਨੂੰ ਪੰਜ ਦਿਨ ਤਕ ਖਾਣ ਦਾ ਰੁਝਾਨ ਆਮ ਹੈ। ਇਸ ਨਾਲ ਇਕ ਨੁਕਸਾਨ ਸਾਰੇ ਸਿਹਤ ਵਿਗਿਆਨ ਨੂੰ ਝੱਲਣਾ ਪੈ ਰਿਹਾ ਹੈ ਤਾਂ ਉਹ ਹੈ ਦਿਨੋ-ਦਿਨ ਐਂਟੀਬਾਇਟਿਕ ਦਾ ਅਸਰਹੀਣ ਹੋਣਾ। ਉਹ ਸਮਾਂ ਦੂਰ ਨਹੀਂ ਜਦੋਂ ਸਾਡੇ ਕੋਲ ਜਰਮਾਂ 'ਤੇ ਮਾਰ ਕਰਨ ਲਈ ਕੋਈ ਐਂਟੀਬਾਇਟਿਕ ਸੁਰੱਖਿਅਤ ਨਹੀਂ ਬਚੇਗਾ। ਵਿਸ਼ਵ ਸਿਹਤ ਸੰਸਥਾ ਨੇ ਇਸ ਹਾਲਤ ਨੂੰ ਗੰਭੀਰ ਅਤੇ ਖ਼ਤਰਨਾਕ ਕਰਾਰ ਦਿੱਤਾ ਹੈ ਤੇ ਕਈ ਵਾਰ ਚਿਤਾਵਨੀ ਦਿੱਤੀ ਹੈ ਕਿ ਐਂਟੀਬਾਇਟਿਕ ਨੂੰ ਸੋਚ ਸਮਝ ਕੇ ਤਰੀਕੇ ਸਿਰ ਵਰਤਿਆ ਜਾਵੇ। ਉਹ ਹਾਲਤ ਪੈਦਾ ਨਾ ਹੋਵੇ ਕਿ ਅਸੀਂ ਸਿਹਤ ਸੇਵਾਵਾਂ ਤੋਂ ਫਾਇਦਾ ਲੈਂਦੇ-ਲੈਂਦੇ ਨੁਕਸਾਨ ਕਰਵਾ ਬੈਠੀਏ।

ਇਸ ਵਿਚ ਸਿਹਤ ਕਾਮਿਆਂ ਦੀ ਉਹ ਭੀੜ ਵੀ ਸ਼ਾਮਲ ਹੈ ਜੋ ਦਵਾਈਆਂ ਦਾ ਸੋਚ ਸਮਝ ਕੇ ਇਸਤੇਮਾਲ ਨਹੀਂ ਕਰਦੀ; ਖਾਸਕਰ ਜੋ ਪਿੰਡਾਂ ਵਿਚ ਬੈਠੇ ਹਨ। ਇਨ੍ਹਾਂ ਕਹਿੰਦੇ-ਕਹਾਉਂਦੇ ਡਾਕਟਰਾਂ ਨਾਲ ਇਕ ਦਿੱਕਤ ਹੋਰ ਵੀ ਹੈ ਜੋ ਹਰ ਬਿਮਾਰੀ ਲਈ ਗੋਲੀਆਂ, ਕੈਪਸੂਲਾਂ ਦੀ ਥਾਂ ਟੀਕੇ ਨੂੰ ਪਹਿਲ ਦਿੰਦੇ ਹਨ। ਉਹਨਾਂ ਇਸ ਬਾਰੇ ਇਹ ਭਰਮ ਬਣਾਇਆ ਹੋਇਆ ਹੈ ਕਿ ਟੀਕੇ ਨਾਲ ਬਿਮਾਰੀ ਛੇਤੀ ਠੀਕ ਹੋਵੇਗੀ। ਟੀਕਿਆਂ ਦੇ ਭਰਮ ਬਾਰੇ ਅਸਲ ਗੱਲ ਇਹ ਹੈ ਕਿ ਸਿਹਤ ਵਿਗਿਆਨ ਨੇ ਟੀਕਿਆਂ ਦੀ ਕਾਢ ਉਸ ਸਮੇਂ ਕੀਤੀ ਜਦੋਂ ਮੂੰਹ ਨਾਲ ਖਾਧੀ ਜਾਣ ਵਾਲੀ ਦਵਾਈ ਪੇਟ ਵਿਚ ਪਹੁੰਚ ਕੇ ਪੇਟ ਦੇ ਤੇਜ਼ਾਬ ਨਾਲ ਨਸ਼ਟ ਹੋ ਜਾਂਦੀ ਸੀ। ਸਚਾਈ ਤਾਂ ਇਹ ਹੈ ਕਿ ਜੋ ਵੀ ਕੋਈ ਮਰੀਜ਼ ਮੂੰਹ ਨਾਲ ਖਾ ਪੀ ਸਕਦਾ ਹੈ, ਉਸ ਨੂੰ ਟੀਕਾ ਲਾਉਣਾ ਗੈਰ-ਵਿਗਿਆਨਕ ਹੈ। ਫਿਰ ਟੀਕੇ ਦੇ ਆਪਣੇ ਨੁਕਸਾਨ ਅਤੇ ਚੁਣੌਤੀਆਂ ਹਨ। ਹੁਣ ਤਾਂ ਇਹ ਤਰੀਕਾ ਸ਼ਹਿਰ ਅਤੇ ਪੜ੍ਹੇ-ਲਿਖੇ ਡਾਕਟਰ ਵੀ ਅਪਣਾ ਰਹੇ ਹਨ ਕਿਉਂ ਜੋ ਮਨਸ਼ਾ ਮਰੀਜ਼ ਤੋਂ ਵੱਧ ਪੈਸੇ ਲੈਣਾ ਹੈ।

ਜਦੋਂ ਦਵਾਈਆਂ ਦੇ ਫੈਲ ਰਹੇ ਬਾਜ਼ਾਰ ਅਤੇ ਬਾਜ਼ਾਰ ਵਿਚ ਵਧ ਰਹੇ ਸਰਮਾਏਦਾਰੀ ਪ੍ਰਭਾਵ ਦੀ ਗੱਲ ਤੁਰਦੀ ਹੈ ਤਾਂ ਉਸ ਵਿਚ ਸਾਰੇ ਹੀ ਸ਼ਾਮਲ ਹੋ ਰਹੇ ਹਨ। ਦਵਾ ਕੰਪਨੀਆਂ, ਦਵਾਈ ਵੇਚਣ ਵਾਲਾ, ਕੈਮਿਸਟ, ਇਥੋਂ ਤਕ ਕਿ ਡਾਕਟਰ ਵੀ ਉਸ ਦਾ ਹਿੱਸਾ ਬਣ ਰਹੇ ਹਨ। ਦਵਾਈਆਂ ਵਾਲੇ ਮੈਡੀਕਲ ਨੁਮਾਇੰਦੇ ਹਸਪਤਾਲਾਂ ਵਿਚ ਘੁੰਮਦੇ ਆਮ ਦਿਸਦੇ ਹਨ। ਉਹਨਾਂ ਦੇ ਹੱਥਾਂ 'ਚ ਮਹਿੰਗੇ ਤੋਹਫ਼ੇ ਵੀ ਹੁੰਦੇ। ਬਾਕੀ ਲੁਕ ਕੇ ਕੀ ਹੁੰਦਾ ਹੋਵੇਗਾ, ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਿੱਟਾ ਇਹ ਹੈ ਕਿ ਦਵਾਈ ਜਿਸ ਨੇ ਸਾਨੂੰ ਰਾਹਤ ਪਹੁੰਚਾਈ ਸੀ, ਹੌਲੀ-ਹੌਲੀ ਗਰੀਬ, ਇਥੋਂ ਤਕ ਕਿ ਮੱਧ ਵਰਗੀ ਪਰਿਵਾਰ ਤੋਂ ਵੀ ਦੂਰ ਹੋ ਰਹੀ ਹੈ।

# ਦੂਜੇ ਵਿਆਹ ਲਈ ਮਾਂ ਨੇ ਕੀਤੀ ਬੱਚੀ ਦੀ ਹੱਤਿਆ

ਪੰਜਾਬ ਦਾ ਖੁਲਾਸਾ




**ਨਵੀਂ ਦਿੱਲੀ** - ਉੱਤਰ-ਪੱਛਮੀ ਦਿੱਲੀ ਵਿਚ ਇਕ ਵਿਆਹੁਤਾ ਔਰਤ ਨੇ ਆਪਣੇ ਪ੍ਰੇਮੀ ਨਾਲ ਵਿਆਹ ਕਰਵਾਉਣ ਲਈ ਕਥਿਤ ਤੌਰ 'ਤੇ ਆਪਣੀ 5 ਸਾਲਾ ਧੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਔਰਤ ਨੇ ਉਕਤ ਵਿਅਕਤੀ ਨਾਲ ਸੋਸ਼ਲ ਮੀਡੀਆ ਪਲੇਟਫਾਰਮ 'ਇੰਸਟਾਗ੍ਰਾਮ' ਰਾਹੀਂ ਗੱਲ ਕੀਤੀ ਸੀ। ਔਰਤ ਤੋਂ ਸਖ਼ਤੀ ਨਾਲ ਪੁੱਛਗਿੱਛ ਕਰਨ 'ਤੇ ਉਸ ਨੇ ਆਪਣੀ ਧੀ ਦਾ ਗਲਾ ਘੁੱਟ ਕੇ ਕਤਲ ਕਰਨ ਦੀ ਗੱਲ ਕਬੂਲ ਲਈ। ਔਰਤ ਨੇ ਦੱਸਿਆ ਕਿ ਉਸ ਦਾ ਪਹਿਲਾ ਪਤੀ ਉਸ ਨੂੰ ਛੱਡ ਕੇ ਚਲਾ ਗਿਆ ਸੀ, ਜਿਸ ਤੋਂ ਬਾਅਦ ਉਸ ਦੀ ਰਾਹੁਲ ਨਾਂ ਦੇ ਵਿਅਕਤੀ ਨਾਲ ਇੰਸਟਾਗ੍ਰਾਮ 'ਤੇ ਗੱਲਬਾਤ ਹੋਈ ਅਤੇ ਬਾਅਦ 'ਚ ਉਹ ਉਸ ਨਾਲ ਵਿਆਹ ਕਰਨ ਦੇ ਇਰਾਦੇ ਨਾਲ ਦਿੱਲੀ ਆ ਗਈ। ਬਿਆਨ 'ਚ ਕਿਹਾ ਗਿਆ ਹੈ ਕਿ ਰਾਹੁਲ ਅਤੇ ਉਸ ਦੇ ਪਰਿਵਾਰ ਨੇ ਬੱਚੀ ਨੂੰ ਗੋਦ ਲੈਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਔਰਤ ਨੇ ਪ੍ਰੇਸ਼ਾਨ ਹੋ ਕੇ ਬੱਚੀ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।



# ਗੁਰਪ੍ਰੀਤ ਚੋਪੜਾ ਨੇ ਐਸ ਐਸ ਪੀ ਮਾਲੇਰਕੋਟਲਾ ਨਾਲ ਕੀਤੀ ਮੁਲਾਕਾਤ

ਪੰਜਾਬ ਦਾ ਖੁਲਾਸਾ

**ਮਾਲੇਰਕੋਟਲਾ, 23 ਨਵੰਬਰ** ਅੱਜ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਸ ਗੁਰਪ੍ਰੀਤ ਸਿੰਘ ਚੋਪੜਾ ਸਾਬਕਾ ਸਟੇਟ ਕੋਆਰਡੀਨੇਟਰ ਐਸੀ ਡਿਪਾਰਟਮੇਂਟ ਪੰਜਾਬ ਸਰਕਾਰ ਨੇ ਐਸ ਐਸ ਪੀ ਮਾਲੇਰਕੋਟਲਾ ਗਗਨਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਚੋਪੜਾ ਨੇ ਐਸ ਐਸ ਪੀ ਮਾਲੇਰਕੋਟਲਾ ਦੀ ਸ਼ਲਾਘਾ ਕੀਤੀ ਕਿ ਜਿਸ ਦਿਨ ਐਸ ਐਸ ਪੀ ਮਾਲੇਰਕੋਟਲਾ ਨੇ ਕਮਾਂਡ ਸੰਭਾਲੀ ਹੈ ਜੀ ਇਲਾਕੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਹੁਤ ਵਧੀਆ ਹੈ। ਇਸ ਮੌਕੇ ਐਸ ਐਸ ਪੀ ਮਾਲੇਰਕੋਟਲਾ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਅਮਨ ਕਾਨੂੰਨ ਦੀ ਸਥਿਤੀ ਨੂੰ ਕਿਸੇ ਵੀ ਹਾਲਤ ਵਿੱਚ ਵਿਗੜਨ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਸ ਹਰਫੂਲ ਸਿੰਘ ਸਰੋਦ, ਸ ਗੁਰਮੀਤ ਸਿੰਘ ਲਸੋਈ, ਸ ਹਰਭਜਨ ਸਿੰਘ ਲਸੋਈ, ਰਮਨਦੀਪ ਸਿੰਘ ਲਸੋਈ ਆਦਿ ਹਾਜ਼ਰ ਸਨ।

# ਮਾਨਯੋਗ ਸੀ.ਐਮ. ਪੰਜਾਬ ਅਤੇ ਡੀ.ਜੀ.ਪੀ. ਪੰਜਾਬ ਸੀ ਗੌਰਵ ਯਾਦਵ (ਆਈ.ਪੀ.ਐਸ) ਦੇ ਨਿਰਦੇਸ਼ ਹੇਠ ਨਸ਼ਿਆਂ ਦੀ ਰੋਕਥਾਮ ਅਤੇ ਭਾਈਚਾਰਕ ਸਾਂਝ ਵਧਾਉਣ ਲਈ ਸੰਪਰਕ ਪ੍ਰੋਗਰਾਮ ਦੀ ਕੜੀ ਤਹਿਤ ਕਰਵਾਇਆ ਪ੍ਰੋਗਰਾਮ

ਪੰਜਾਬ ਦਾ ਖੁਲਾਸਾ

**ਨਿਹਾਲ ਸਿੰਘ ਵਾਲਾ 23 ਨਵੰਬਰ ( ਮਨਿੰਦਰ ਧਾਲੀਵਾਲ)** ਪ੍ਰਾਚੀਨ ਸ਼ਿਵ ਮੰਦਰ (ਭਾਲਾ) ਬੱਧਨੀ ਕਲਾਂ ਵਿੱਚ ਸਰਕਾਰ ਵੱਲੋਂ ਵਿੱਢੀ ਮੁਹਿੰਮ "ਸੰਪਰਕ ਪ੍ਰੋਗਰਾਮ" ਤਹਿਤ ਪ੍ਰੋਗਰਾਮ ਰੱਖਿਆ ਗਿਆ ਜਿੱਥੇ ਕਿ ਲੋਕਾਂ ਨੂੰ ਨਸ਼ਿਆਂ ਵਿਰੁੱਧ ਉੱਠਣ ਦਾ ਮੈਸੇਜ ਦਿੱਤਾ ਗਿਆ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਦਾ ਵੀ ਸਦਾ ਦਿੱਤਾ ਗਿਆ। ਡੀ.ਐਸ.ਪੀ. ਹੈਡਕੁਆਟਰ ਸ.ਜੋਰਾ ਸਿੰਘ ਮੋਗਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਵਿੱਢੇ ਸੰਪਰਕ ਪ੍ਰੋਗਰਾਮ ਮੁਹਿੰਮ ਦੇ ਤਹਿਤ ਅਸੀਂ ਪਿੰਡਾਂ, ਸ਼ਹਿਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਤੇ ਖਾਤਮੇ ਲਈ ਅਵੇਅਰ ਕਰ ਰਹੇ ਹਾਂ ਅਤੇ ਤਾਲਮੇਲ ਸਾਂਝ ਵਧਾਉਣ ਦੀ ਵੀ ਅਪੀਲ ਕਰਦੇ ਹਾਂ। ਉਹਨਾਂ ਕਿਹਾ ਕਿ ਇਕੱਲੀ ਪੁਲਿਸ ਕੁਝ ਨਹੀਂ ਕਰ ਸਕਦੀ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਸਭ ਇਸ ਤੇ ਕੰਟਰੋਲ ਕਰ ਸਕਦੇ ਹਾਂ। ਜੇ ਕੋਈ ਮਾੜਾ ਅਨਸਰ ਜਾਂ ਕੋਈ ਨਸ਼ੇ ਵੇਚਣ ਦਾ ਕਿਸੇ ਨੂੰ ਪਤਾ ਲੱਗਦਾ ਹੈ ਤਾਂ ਅਸੀਂ 24 ਘੰਟੇ ਹਾਜ਼ਰ ਹਾਂ ਸਾਨੂੰ ਇਸਦੀ ਸ਼ਿਕਾਇਤ ਕਰ ਸਕਦੇ ਹੋ ਤੁਹਾਡਾ ਨਾਮ ਬਿਲਕੁਲ ਗੁਪਤ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਜੋ ਕੈਮਰੇ ਲੱਗੇ ਹਨ ਉਹਨਾਂ ਨੂੰ ਥਾਣੇ ਦੇ ਨਾਲ ਜੋੜ ਕੇ ਮਾੜੇ ਅਨਸਰਾਂ ਤੇ ਪੈਨੀ ਅੱਖ ਰੱਖੀ ਜਾਵੇਗੀ ਇਸ ਨਾਲ ਵਾਰਦਾਤਾਂ ਵਿੱਚ ਵੀ ਠੱਲ ਪਵੇਗੀ। ਜਗਜੀਵਨ ਗੋਇਲ ਬੱਧਨੀ ਕਲਾਂ ਵਾਲਿਆਂ ਨੇ ਵੀ ਲੋਕਾਂ ਨੂੰ ਮੈਸੇਜ ਦਿੱਤਾ ਹੈ ਕਿ ਜੇ ਕਿਸੇ ਮਾੜੇ ਅਨਸਰ ਨੂੰ ਜਾਂ ਨਸ਼ਾ ਵੇਚਣ ਵਾਲੇ ਨੂੰ ਪਲੀਜ਼ ਫੜ ਕੇ ਲੈ ਜਾਂਦੀ ਹੈ ਤਾਂ ਉਸ ਦੇ ਮਗਰ ਕੋਈ ਵੀ ਐਮ.ਸੀ. ਜਾਂ ਹੋਰ ਕੋਈ ਆਗੂ ਨਹੀਂ ਜਾਵੇਗਾ ਫਿਰ ਹੀ ਆਪਾਂ ਪੁਲਿਸ ਦਾ ਸਹਿਯੋਗ ਕਹਿ ਸਕਦੇ ਹਾਂ। ਜਗਜੀਵਨ ਗੋਇਲ ਨੇ ਡੀ.ਐਸ.ਪੀ ਹੈੱਡ ਕੁਆਟਰ ਅਤੇ ਮਾਨ ਯੋਗ ਐਸ.ਐਸ.ਪੀ.ਮੋਗਾ ਤੋਂ ਮੰਗ ਕੀਤੀ ਹੈ ਕਿ ਥਾਣਾ ਮੁਖੀ ਸਰਦਾਰ ਗੁਰਮੇਲ ਸਿੰਘ ਨੂੰ ਲੰਮਾ ਸਮਾਂ ਸਾਡੀ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇ ਕਿਉਂਕਿ ਇਨੇਂ ਵਧੀਆ ਇਨਸਾਨ ਘੱਟ ਹੀ ਮਿਲਦੇ ਹਨ ਉਨਾਂ ਗੁਰਮੇਲ ਸਿੰਘ ਬਾਰੇ ਦੱਸਿਆ ਕਿ ਆਪਦੇ ਕੰਮਾਂ ਦੇ ਨਾਲ ਨਾਲ ਇਹ ਸਮਾਜ ਸੇਵੀ ਕੰਮਾਂ ਚ ਵੀ ਧਿਆਨ ਰੱਖਦੇ ਹਨ ਅਤੇ ਲੋਕਾਂ ਵਿੱਚ ਬਹੁਤ ਵਧੀਆ ਵਿਚਰਦੇ ਹਨ।

ਥਾਣਾ ਮੁਖੀ ਗੁਰਮੇਲ ਸਿੰਘ ਨੇ ਕਿਹਾ ਕਿ ਅਸੀਂ "ਸੰਪਰਕ ਪ੍ਰੋਗਰਾਮ" ਤਹਿਤ ਗਸ਼ਤ ਵਧਾ ਕੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਾਂਗੇ ਅਤੇ ਅਸੀਂ ਲੋਕਾਂ ਦਾ ਸਹਿਯੋਗ ਚਾਹੁੰਦੇ ਹਾਂ ਤਾਂ ਕਿ ਅਸੀਂ ਕ੍ਰਾਈਮ ਤੇ ਅਤੇ ਲੁੱਟਾਂ ਖੋਹਾਂ ਤੇ ਕਾਬੂ ਪਾ ਸਕੀਏ। ਉਹਨਾਂ ਕਿਹਾ ਕਿ ਨੌ ਕੈਮਰਿਆਂ ਵਿੱਚੋਂ ਪੰਜ ਕੈਮਰੇ ਥਾਣੇ ਨਾਲ ਪਹਿਲਾਂ ਹੀ ਅਟੈਚ ਹਨ ਅਤੇ ਜੋ ਚਾਰ ਕੈਮਰੇ ਰਹਿ ਗਏ ਹਨ ਉਹਨਾਂ ਨੂੰ ਵੀ ਅਸੀਂ ਥਾਣੇ ਨਾਲ ਜੋੜ ਦੇਵਾਂਗੇ।

ਅਖੀਰ ਵਿੱਚ ਥਾਣਾ ਮੁਖੀ ਗੁਰਮੇਲ ਸਿੰਘ ਨੇ ਆਏ ਹੋਏ ਡੀ.ਐਸ.ਪੀ ਸਾਹਿਬ ਅਤੇ ਐਮ.ਸੀ ਸਾਹਿਬ ਹੋਰ ਪਤਵੰਤਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਜਗਜੀਵਨ ਗੋਇਲ, ਰਵੀ ਸ਼ਰਮਾ ਐਮ.ਸੀ, ਜਸਵੀਰ ਸਿੰਘ ਰਣੀਆ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਬੱਧਨੀ ਕਲਾਂ,ਬਲਵੀਰ ਸਿੰਘ ਐਮ.ਸੀ, ਮਾਣਕ ਸਿੰਘ ਐਮ.ਸੀ, ਵਿਸ਼ਾਲ ਮਿੱਤਰ ਐਮ.ਸੀ, ਜਗਦੀਪ ਬੁੱਟਰ, ਰਾਮ ਨਿਵਾਸ ਪ੍ਰਧਾਨ ਆੜਤੀਆ ਅਸੋਸੀਏਸ਼ਨ, ਅੰਗਰੇਜ਼ ਸਿੰਘ ਐਮ.ਸੀ, ਗੁਰਨਾਮ ਸਿੰਘ ਗਾਮਾ ਐਮ.ਸੀ, ਹਰਿੰਦਰ ਸਿੰਘ ਰਾਮਾ, ਸੰਜੀਵ ਕੁਮਾਰ ਕੌੜਾ ਏ.ਐਸ.ਆਈ, ਬਿਅੰਤ ਸਿੰਘ ਹੌਲਦਾਰ ਹੋਰ ਮੁਲਾਜ਼ਮ ਸਾਹਿਬਾਨ ਅਤੇ ਬਹੁਤ ਸਾਰੇ ਪਤਵੰਤੇ ਸੱਜਣ ਵੀ ਹਾਜ਼ਰ ਸਨ।





# ਦੋ ਰੋਜ਼ਾ ਵੋਟ ਬਣਾਉਣ ਦੇ ਕੈਂਪ ਦੌਰਾਨ ਵੱਖ ਵੱਖ ਵਰਗ ਦੇ ਲੋਕਾਂ ਨੇ ਉਠਾਇਆ ਲਾਭ



ਪੰਜਾਬ ਦਾ ਖੁਲਾਸਾ

**ਫਗਵਾੜਾ 23 ਨਵੰਬਰ ( ਪ੍ਰੀਤ ਕੌਰ ਪ੍ਰੀਤੀ )** ਭਾਰਤ ਚੋਣ ਕਮਿਸ਼ਨ ਮੁੱਖ ਚੋਣ ਅਫਸਰ ਚੰਡੀਗੜ੍ਹ ਵਲੋਂ ਜਾਰੀ ਕੀਤੇ ਹੁਕਮਾਂ ਅਤੇ ਜ਼ਿਲ੍ਹਾ ਚੋਣ ਅਫਸਰ ਕਪੂਰਥਲਾ ਦੀਆ ਹਿਦਾਇਤਾਂ ਤਹਿਤ ਉਪ ਮੰਡਲ ਮੈਜਿਸਟਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਫਗਵਾੜਾ 29 ਚੋਣ ਅਫ਼ਸਰ ਜਸ਼ਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਵਿਧਾਨ ਸਭਾ ਚੋਣ ਹਲਕਾ ਫਗਵਾੜਾ ਵਿੱਚ ਸਾਰੇ ਪੋਲਿੰਗ ਬੂਥਾਂ 'ਤੇ 9 ਨਵੰਬਰ (ਸ਼ਨੀਵਾਰ), 10 ਨਵੰਬਰ, 23 ਨਵੰਬਰ (ਸ਼ਨੀਵਾਰ) ਤੇ 24 ਨਵੰਬਰ (ਐਤਵਾਰ) ਨੂੰ ਦੋ ਰੋਜ਼ਾ ਵਿਸ਼ੇਸ਼ ਕੈਂਪ ਲਗਾਏ ਗਏ ਇਨਾਂ ਕੈਂਪਾਂ ਵਿੱਚ ਬੂਥ ਲੈਵਲ ਅਫ਼ਸਰਾਂ ਵਲੋਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਆਪੋ ਆਪਣੇ ਬੂਥਾਂ 'ਤੇ ਰਹਿ ਕੇ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਗਏ ਇਸ ਮੌਕੇ ਬੀ ਐਲ ? ਨੇ ਦੱਸਿਆ ਕਿ ਸਪੈਸ਼ਲ ਕੈਂਪ ਦੌਰਾਨ ਨਵੀਂ ਵੋਟ ਬਣਵਾਉਣ ਲਈ ਫਾਰਮ ਨੰ: 6, ਪ੍ਰਵਾਸੀ ਭਾਰਤੀਆਂ ਦੀ ਵੋਟ ਬਣਵਾਉਣ ਲਈ ਫਾਰਮ ਨੰ: 6-ਏ, ਵੋਟ ਕਟਵਾਉਣ ਲਈ ਫਾਰਮ ਨੰ: 7, ਵੋਟਰ ਵੇਰਵਿਆਂ ਵਿੱਚ ਸੋਧ ਕਰਾਉਣ, ਡੁਪਲੀਕੇਟ ਵੋਟਰ ਕਾਰਡ ਲੈਣ ਲਈ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰ: 8 ਭਰ ਕੇ ਦਿੱਤੇ ਜਾ ਸਕਦੇ ਹਨ ਉਨਾਂ ਦੱਸਿਆ ਕਿ ਇਹ ਫਾਰਮ ਪੋਰਟਲ ਜਾਂ ਮੋਬਾਇਲ ਐਪ ਵੋਟਰ ਹੈਲਪਲਾਇਨ 'ਤੇ ਵੀ ਅਪਲਾਈ ਕੀਤੇ ਜਾ ਸਕਦੇ ਹਨ ਕਿਸੇ ਵੀ ਕਿਸਮ ਦੀ ਵਧੇਰੇ ਜਾਣਕਾਰੀ ਲਈ ਟੋਲ ਫਰੀ ਨੰਬਰ 1950 'ਤੇ ਦਫਤਰੀ ਸਮੇ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ ਜੇਕਰ ਕਿਸੇ ਦੀ ਵੋਟ ਬਣਨੀ ਰਹਿ ਗਈ ਹੈ ਤਾਂ ਉਹ ਅਪਣੇ ਇਲਾਕੇ ਦੇ ਬੀ ਐਲ ? ਨਾਲ ਸੰਪਰਕ ਕਰ ਸਕਦੇ ਹਨ ਅੱਜ ਇਸੇ ਲੜੀ ਤਹਿਤ ਨਵੀ ਵੋਟ ਬਣਾਉਣ ਦਾ ਕੈਂਪ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਸਤਨਾਮਪੁਰਾ ਵਿਖੇ ਲਗਾਇਆ ਗਿਆ ਇਸ ਮੌਕੇ ਤੇ ਸੁਖਵਿੰਦਰ ਕੁਮਾਰ ਬੀ ਐਲ ? ਬੂਥ ਨੰਬਰ 154 , ਰਣਵੀਰ ਸਿੰਘ ਬੀ ਐਲ ? ਬੂਥ ਨੰਬਰ 155 , ਹਰਸ਼ਵਰਧਨ ਬੀ ਐਲ ? ਬੂਥ ਨੰਬਰ 156 , ਸੁਖਵਿੰਦਰ ਸਿੰਘ ਬੀ ਐਲ ਬੂਥ ਨੰਬਰ 157 ਵਲੋਂ 20 ਤੋਂ ਵਧੇਰੇ ਵੋਟਾ ਬਣਾਉਣ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਗਿਆ।



# ਸਟੇਟ ਬੈਂਕ ਆਫ਼ ਇੰਡੀਆ ਵਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ ਨੂੰ ਕੰਪਿਊਟਰ ਅਤੇ ਪ੍ਰਿੰਟਰ ਦਿੱਤੇ

ਪੰਜਾਬ ਦਾ ਖੁਲਾਸਾ

**ਬਠਿੰਡਾ 23 ਨਵੰਬਰ (ਰਾਮ ਸਿੰਘ ਕਲਿਆਣ)**- ਸਟੇਟ ਬੈਂਕ ਆਫ਼ ਇੰਡੀਆ ਦੇ ਰੀਜਨਲ ਮੈਨੇਜਰ ਸ਼੍ਰੀ ਆਸ਼ੂਤੋਸ਼ ਕੁਮਾਰ ਅਤੇ ਸਟੇਟ ਬੈਂਕ ਆਫ਼ ਇੰਡੀਆ ਦੀ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਾਂਚ ਦੇ ਬ੍ਰਾਂਚ ਮੈਨੇਜਰ ਸ਼੍ਰੀ ਅਭਿਸ਼ੇਕ ਸ਼ਰਮਾ, ਸਹਾਇਕ ਮੈਨੇਜਰ ਗੁਰਿੰਦਰ ਬਰਾੜ ਅਤੇ ਹਾਕਮ ਸਿੰਘ ਵੱਲੋਂ ਦਫ਼ਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਬਠਿੰਡਾ ਨੂੰ ਸੀ ਐਸ ਆਰ ਐਕਟੀਵਿਟੀ ਅਧੀਨ ਕੰਪਿਊਟਰ ਅਤੇ ਪ੍ਰਿੰਟਰ ਭੇਂਟ ਕੀਤੇ ਗਏ।

ਇਸ ਮੌਕੇ ਸ਼੍ਰੀ ਸ਼ਿਵਪਾਲ ਗੋਇਲ ਜਿਲਾ ਸਿੱਖਿਆ ਅਫਸਰ (ਸੈਸਿ) ਬਠਿੰਡਾ ਸ਼੍ਰੀ ਸਿਕੰਦਰ ਬਰਾੜ ਉੱਪ ਜਿਲਾ ਸਿੱਖਿਆ ਅਫਸਰ (ਸੈਸਿ) ਬਠਿੰਡਾ ਅਤੇ ਸ਼੍ਰੀ ਮਨੋਜ ਕੁਮਾਰ ਐਲ.ਏ. ਹਾਜਰ ਸਨ। ਰੀਜਨਲ ਮੈਨੇਜਰ ਆਸ਼ੂਤੋਸ਼ ਕੁਮਾਰ ਸਿੰਘ ਜੀ ਵੱਲੋਂ ਵੱਧ ਰਹੀਆਂ ਆਨ-ਲਾਈਨ ਠੱਗੀਆਂ ਬਾਰੇ ਚਰਚਾ ਕੀਤੀ ਗਈ ਅਤੇ ਆਨ-ਲਾਈਨ ਫਰਾਡ ਤੋਂ ਬਚਣ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ।

# ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਰਿਪਬਲਿਕਨ ਪਾਰਟੀ ਆਫ ਇੰਡੀਆ ਪਾਰਟੀ ਚ ਸ਼ਾਮਿਲ ਹੋਏ

ਪੰਜਾਬ ਦਾ ਖੁਲਾਸਾ

**ਮਲੋਟ, 23 ਨਵੰਬਰ ( ਕ੍ਰਿਸ਼ਨ ਮਦਾਨ/ਅਮਰਨਾਥ ਸੋਨੀ )**- ਅੱਜ ਰਿਪਬਲਿਕਨ ਪਾਰਟੀ ਆਫ ਇੰਡੀਆ ਦੇ ਸਬ ਦਫ਼ਤਰ ਮਲੋਟ ਵਿਖੇ ਪੰਜਾਬ ਪ੍ਰਧਾਨ ਕੁਲਵੰਤ ਸਿੰਘ ਭਾਈ ਕਾ ਕੇਰਾ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਵੱਖ ਵੱਖ ਪਾਰਟੀਆਂ ਦੇ ਆਗੂ ਸ਼ਾਮਿਲ ਹੋਏ



। ਜਿਨ੍ਹਾਂ ਵਿੱਚ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੂੰ ਛੱਡ ਕੇ ਵੱਡੀ ਗਿਣਤੀ ਵਿੱਚ ਵਰਕਰ ਰਿਪਬਲਿਕਨ ਪਾਰਟੀ ਆਫ ਇੰਡੀਆ ਵਿੱਚ ਬਤੌਰ ਅਹੁੱਦੇਦਾਰ ਤੇ ਵਰਕਰ ਸ਼ਾਮਿਲ ਹੋਏ । ਜਿਨ੍ਹਾਂ ਵਿੱਚ ਕਾਂਗਰਸ ਪਾਰਟੀ ਦੇ ਵਲੋਂ ਸਰਪੰਚੀ ਦੀਆਂ ਚੋਣਾਂ ਲੜ ਚੁੱਕੇ ਭੋਲਾ ਸਿੰਘ ਜਿਨਾ ਨੂੰ ਤਕਰੀਬਨ 800 ਵੋਟਾਂ ਪਾਈਆਂ, ਉਹ ਵੀ ਕਾਂਗਰਸ ਪਾਰਟੀ ਛੱਡਕੇ ਆਏ । ਉਨ੍ਹਾਂ ਦੇ ਨਾਲ ਹੋਰ ਵੀ ਬਹੁਤ ਵਰਕਰ ਰਿਪਬਲੀਕਨ ਪਾਰਟੀ ਆਫ ਇੰਡੀਆ ਵਿੱਚ ਸਾਮਿਲ ਹੋਏ । ਪੰਜਾਬ ਪ੍ਰਧਾਨ ਵਲੋਂ ਮੀਡੀਆ ਨਾਲ ਗੱਲ ਬਾਤ ਕਰਦਿਆ ਦੱਸਿਆ ਕਿ ਪੰਜਾਬ ਦੇ ਹਲਾਤ ਬਹੁਤ ਖਰਾਬ ਹਨ । ਨਸ਼ਿਆਂ ਦਾ ਜ਼ਹਿਰ ਦਿਨ ਬਾ ਦਿਨ ਵੱਧ ਰਿਹਾ ਹੈ, ਕਿਸਾਨਾਂ ਦੀ ਫਸਲ ਮੰਡੀਆਂ ਵਿੱਚ ਰੁਲ ਰਹੀ ਹੈ, ਮਜ਼ਦੂਰਾਂ ਨੂੰ ਪੂਰੀ ਮਜ਼ਦੂਰੀ ਨਹੀਂ ਮਿਲ ਰਹੀ, ਇਸ ਤੋਂ ਇਲਾਵਾ ਹੋਰ ਵੀ ਬਹੁਤ ਮਸਲੇ ਹਨ, ਜਿਨ੍ਹਾਂ ਤੇ ਪੰਜਾਬ ਸਰਕਾਰ ਪੂਰੀ ਤਰਾਂ ਫੇਲ ਸਾਬਿਤ ਹੋਈ ਹੈ । ਰਿਪਬਲਿਕਨ ਪਾਰਟੀ ਦੇ ਕਾਰਜਾਂ ਨੂੰ ਦੇਖਦੇ ਹੋਏ ਲੋਕਾਂ ਦਾ ਰੁਝਾਨ ਪਾਰਟੀ ਪ੍ਰਤੀ ਬਹੁਤ ਤੇਜੀ ਨਾਲ ਵੱਧ ਰਿਹਾ ਹੈ । ਇਸ ਮੀਟਿੰਗ ਵਿੱਚ ਹਾਜ਼ਰ ਨਮਿੰਦਰ ਸਿੰਘ ਨੂੰ ਜਿਲਾ ਪ੍ਰਧਾਨ ਫਾਜ਼ਿਲਕਾ , ਭੋਲਾ ਸਿੰਘ ਨੂੰ ਜ਼ਿਲਾ ਫਾਜ਼ਿਲਕਾ ਦਾ ਪ੍ਰਭਾਰੀ ਤੇ ਪ੍ਰੇਮ ਕੁਮਾਰ ਪ੍ਰਜਾਪਤ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੋਕੇ ਮੀਟਿੰਗ ਵਿੱਚ ਪੰਕਜ ਕੁਮਾਰ, ਅਮਨਦੀਪ ਸਿੰਘ, ਅੰਗਰੇਜ਼ ਸਿੰਘ, ਦਫ਼ਤਰ ਇੰਚਾਰਜ ਰਵਿੰਦਰ ਜਜੋਰੀਆ,ਬਲਵਿੰਦਰ ਸਿੰਘ, ਦਲੀਪ ਅੰਸੋਲੀਅਤੇ ਗੁਰਪ੍ਰੀਤ ਸਿੰਘ ਅਦਿ ਤੋ ਇਲਾਵਾ ਅਨੇਕਾਂ ਹਾਜ਼ਰ ਹੋਏ।

# ਸੰਧੂ ਭਰਾਵਾਂ ਨੂੰ ਗਹਿਰਾ ਸਦਮਾ ਪਿਤਾ ਸੁਖਦੇਵ ਸਿੰਘ ਸੰਧੂ ਦਾ ਦਿਹਾਂਤ

ਪੰਜਾਬ ਦਾ ਖੁਲਾਸਾ

**ਸਰਾਏ ਅਮਾਨਤ ਖਾਂ, 23 ਨਵੰਬਰ (ਗੁਰਸ਼ਰਨ ਸਿੰਘ ਔਲਖ)** -ਪਿੰਡ ਸਰਾਏ ਅਮਾਨਤ ਖਾਂ ਰੱਖ ਮਲਕੀਤ ਸਿੰਘ ਸੰਧੂ, ਚਮਕੌਰ ਸਿੰਘ ਸੰਧੂ ਤੇ ਗੁਰਜੀਤ ਸਿੰਘ



ਸੰਧੂ ਨੂੰ ਉਸ ਵੇਲੇ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸੁਖਦੇਵ ਸਿੰਘ ਸੰਧੂ ਜਿਨਾ ਦਾ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਸਰਾਏ ਅਮਾਨਤ ਖਾਂ ਵਿਖੇ ਸ਼ਮਸ਼ਾਨਘਾਟ ਵਿਚ ਕੀਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਮਲਕੀਤ ਸਿੰਘ ਸੰਧੂ ਨੇ ਦਿਖਾਈ,ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਦੁੱਖ ਪ੍ਰਗਟ ਕਰਨ ਵਾਲਿਆਂ ਵਿਚ ਤਰਨਤਾਰਨ ਤੋਂ ਕਾਂਗਰਸ ਪਾਰਟੀ ਦੇ ਜ਼ਿਲਾ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ, ਨਿਰਵੈਲ ਸਿੰਘ ਫੱਤਾ ਸੰਧੂ,ਸਾਬਕਾ ਸਰਪੰਚ ਗੁਰਮੀਤ ਸਿੰਘ ਭੂਸੇ, ਉੱਘੇ ਸਮਾਜ ਸੇਵੀ ਹਰਪ੍ਰੀਤ ਸਿੰਘ ਪੀਤਾ, ਮੈਂਬਰ ਪੰਚਾਇਤ ਬਾਬਾ ਕੁਲਦੀਪ ਸਿੰਘ ਸਰਾਂ,ਕੁਲਵਿੰਦਰ ਸਿੰਘ ਡੀਸੀ, ਸੋਨਾ ਸਿੰਘ ਭੂਸੇ,ਕਰਮਨ ਸਿੰਘ ਭੂਸੇ, ਬਲਵਿੰਦਰ ਸਿੰਘ ਫੋਟੋ ਸਟੂਡੀਓ, ਹਰਜਿੰਦਰ ਸਿੰਘ ਭੂਸੇ,ਡਾ ਸਤਵਿੰਦਰ ਸਿੰਘ ਬਾਠ,ਕੁਲਦੀਪ ਸਿੰਘ ਔਲਖ, ਗੁਰਦੇਵ ਸਿੰਘ,ਡਾ ਧਰਮਿੰਦਰ ਸਿੰਘ ਬਾਠ, ਨਰਿੰਦਰ ਸਿੰਘ ਸੋਹਲ ਭੂਸੇ, ਨਿਰਵੈਲ ਸਿੰਘ ਸਰਾਂ, ਪ੍ਰਦੀਪ ਸਿੰਘ ਉੱਪਲ, ਜੋਧਾ ਹਵੇਲੀਆਂ, ਜਥੇਦਾਰ ਬਲਬੀਰ ਸਿੰਘ ਲਹੀਆ,ਗੁਰਭਾਗ ਸਿੰਘ ਢਾਲਾ, ਜਸਵੰਤ ਸਿੰਘ ਰਾਧਾਸੁਆਮੀ,ਜੰਗਸੇਰ ਸਿੰਘ ਲਹੀਆ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਪੰਜਾਬ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਹੋਈ ਕੰਟਰੋਲ ਤੋਂ ਬਾਹਰ : ਆਸ਼ੂ ਪੁਰੀ

ਪੰਜਾਬ ਦਾ ਖੁਲਾਸਾ

**ਫਗਵਾੜਾ 23 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਸੁਲਤਾਨਪੁਰ ਲੋਧੀ 'ਚ ਭਾਰਤੀ ਜਨਤਾ ਯੁਵਾ ਮੋਰਚਾ ਦੇ ਮੰਡਲ ਪ੍ਰਧਾਨ ਹਨੀ ਕੁਮਾਰ ਦੇ ਕਤਲ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਜਿਲ੍ਹਾ ਕਪੂਰਥਲਾ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਆਸ਼ੂ ਪੁਰੀ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਕਈ ਸਵਾਲ ਖੜੇ ਕੀਤੇ ਹਨ। ਹਨੀ ਕੁਮਾਰ ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋਣ ਮੌਕੇ



ਉਹਨਾਂ ਨੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਅਤੇ ਸੰਨੀ ਬੈਂਸ ਜ਼ਿਲ੍ਹਾ ਪ੍ਰਧਾਨ ਭਾਜਯੁਮੋ ਦੀ ਮੋਜੂਦਗੀ ਵਿਚ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਦਿਨੋ-ਦਿਨ ਵਿਗੜਦੀ ਜਾ ਰਹੀ ਹੈ। ਉਹਨਾਂ ਮੰਡਲ ਪ੍ਰਧਾਨ ਹਨੀ ਕੁਮਾਰ ਦੇ ਪਰਿਵਾਰਕ ਮੈਂਬਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਨੀ ਕੁਮਾਰ ਦੇ ਸਰੇਆਮ ਕਤਲ ਦੀ ਸਖ਼ਤ ਨਿਖੇਧੀ ਕਰਦੀ ਹੈ। ਨਾਲ ਹੀ ਪੀੜ੍ਹਤ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਐਡਵੋਕੇਟ ਐਨ.ਕੇ. ਵਰਮਾ ਕਨਵੀਨਰ ਲੀਗਲ ਸੈੱਲ ਪੰਜਾਬ ਦੀ ਅਗਵਾਈ 'ਚ ਪਰਿਵਾਰ ਨੂੰ ਇਨਸਾਫ ਲਈ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਆਸ਼ੂ ਪੁਰੀ ਨੇ ਕਿਹਾ ਕਿ ਪੰਜਾਬ 'ਚ ਵਿਗੜਦੀ ਕਾਨੂੰਨ ਵਿਵਸਥਾ ਅਤੇ ਲਗਾਤਾਰ ਹੋ ਰਹੀਆਂ ਕਤਲ, ਚੋਰੀ, ਡਕੈਤੀ ਤੇ ਫਿਰੌਤੀ ਆਦਿ ਦੀਆਂ ਘਟਨਾਵਾਂ ਭਗਵੰਤ ਮਾਨ ਸਰਕਾਰ ਦੀ ਕਾਨੂੰਨ ਵਿਵਸਥਾ 'ਤੇ ਕਾਲਾ ਧੱਬਾ ਹੈ। ਭਗਵੰਤ ਮਾਨ ਸਰਕਾਰ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਿਚ ਪੂਰੀ ਤਰ੍ਹਾਂ ਫੇਲ ਸਾਬਿਤ ਹੋਈ ਹੈ। ਲੋਕ ਆਮ ਆਦਮੀ ਪਾਰਟੀ ਸਰਕਾਰ ਦਾ ਸੰਤਾਪ ਝੱਲਣ ਲਈ ਮਜਬੂਰ ਹਨ।

# ਪੱਚੀ ਦਰੇ ਤੇ ਘਨੌਰ ਤੋਂ ਅੰਬਾਲਾ ਜਾਣ ਵਾਲੀ ਸੜਕ 'ਤੇ ਬਣੇ ਪੁਲ ਦਾ ਕੰਮ ਸ਼ੁਰੂ ਹੋਣ ਕਰ ਕੇ ਰਸਤਾ ਬੰਦ

ਪੰਜਾਬ ਦਾ ਖੁਲਾਸਾ

**ਘਨੌਰ, 23 ਨਵੰਬਰ (ਅਭਿਸ਼ੇਕ ਸੂਦ)**- ਘਨੌਰ ਤੋਂ ਅੰਬਾਲਾ ਜਾਣ ਵਾਲੀ ਸੜਕ 'ਤੇ ਪੱਚੀ ਦਰੇ ਤੇ ਬਣੇ ਨਵੇਂ ਪੁੱਲ ਦਾ ਬਾਕੀ ਰਹਿੰਦਾ ਕੰਮ ਪ੍ਰਸ਼ਾਸ਼ਨ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਬੰਧਤ ਵਿਭਾਗ ਦੇ ਜੇ. ਈ. ਮਹਿਲ ਸਿੰਘ ਨੇ ਦੱਸਿਆ ਕਿ ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਘਨੌਰ ਤੋਂ ਅੰਬਾਲਾ ਵਾਇਆ ਕਪੂਰੀ ਲੋਹਸਿੰਬਲੀ ਰੋਡ 'ਤੇ ਹਾਈ ਲੈਵਲ ਬਰਿੱਜ 5 ਸਪੈਨ ਦੀ ਉਸਾਰੀ ਦਾ ਕੰਮ ਉਸਾਰੀ ਅਧੀਨ ਹੈ। ਇਸ ਪੁਲ ਦੀਆਂ ਅਪਰੋਚਾਂ ਦਾ ਕੰਮ ਬਕਾਇਆ ਰਹਿੰਦਾ ਹੈ। ਇਸ ਸਬੰਧੀ ਏਜੰਸੀ ਵੱਲੋਂ ਵਾਰ-ਵਾਰ ਮਹਿਕਮੇਂ ਨੂੰ ਕੰਮ ਪੂਰਾ ਕਰਵਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਕਿਸਾਨੀ ਮੋਰਚੇ ਦੇ ਧਰਨੇ ਕਾਰਨ ਨੈਸ਼ਨਲ ਹਾਈਵੇ-44 (ਰਾਜਪੁਰਾ ਅੰਬਾਲਾ ਰੋਡ) ਦੀ ਸਾਰੀ ਟ੍ਰੈਫਿਕ ਇਸ ਰੂਟ ਰਾਹੀਂ ਲੰਘ ਰਹੀ ਹੈ, ਜਿਸ ਕਾਰਨ ਪੁਲ ਦੀਆਂ ਅਪਰੋਚਾਂ ਦੀ ਉਸਾਰੀ ਦਾ ਕੰਮ ਪੂਰਾ ਨਹੀਂ ਹੋ ਸਕਿਆ, ਜੋ ਹੁਣ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਸ ਲਈ ਟ੍ਰੈਫਿਕ ਨੂੰ ਹੇਠ ਲਿਖੇ ਬਦਲਵੇਂ ਰੂਟਾਂ ਰਾਹੀਂ ਡਾਇਵਰਟ ਕਰਨ ਦੀ ਕ੍ਰਿਪਾਲਤਾ ਕੀਤੀ ਜਾਂਦੀ ਹੈ ਤਾਂ ਜੋ ਪੁਲ ਦੀ ਉਸਾਰੀ ਦਾ ਕੰਮ ਮੁਕੰਮਲ ਕੀਤਾ ਜਾ ਸਕੇ।



# ਪੀ.ਕੇ.ਐਸ. ਇੰਟਰਨੈਸ਼ਨਲ ਸਕੂਲ, ਬੱਲੂਆਣਾ ਵਿਖੇ 2 ਦਿਨਾਂ ਹੋਇਆ ਸਲਾਨਾ ਸਮਾਗਮ

## ਉਡਾਨ 2024 ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦਰਸ਼ਕਾਂ ਦੇ ਮਨਾਂ 'ਤੇ ਯਾਦਗਾਰੀ ਛਾਪ ਛੱਡੀ

ਪੰਜਾਬ ਦਾ ਖੁਲਾਸਾ

**ਬਠਿੰਡਾ,23 ਨਵੰਬਰ (ਸੁਰਿੰਦਰਪਾਲ ਸਿੰਘ)**: ਪੀ.ਕੇ.ਐਸ. ਇੰਟਰਨੈਸ਼ਨਲ ਸਕੂਲ, ਬੱਲੂਆਣਾ ਵਿਖੇ ਦੋ ਦਿਨਾਂ ਸਲਾਨਾ ਸਮਾਗਮ ਉਡਾਨ 2024' ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਪਾਵਨ ਗੁਰਬਾਣੀ ਸ਼ਬਦ ਨਾਲ ਕੀਤੀ ਗਈ। ਬੱਚਿਆਂ ਵੱਲੋਂ ਗੀਤ, ਕਵਿਤਾ, ਕੋਰਿਓਗ੍ਰਾਫੀ, ਵੱਖ-ਵੱਖ ਨਾਚ ਅਤੇ ਗਿੱਧ-ਭੰਗੜੇ ਦੁਆਰਾ ਸਮਾਗਮ ਦੀ ਸ਼ਾਨ ਵਧਾਈ ਗਈ। ਕੋਰਿਓਗ੍ਰਾਫੀ ਦੁਆਰਾ ਵਿਦਿਆਰਥੀਆਂ ਨੂੰ ਪ੍ਰਦੇਸ਼ ਜਾ ਕੇ ਰੁਲਣ ਦੀ ਥਾਂ ਆਪਣੇ ਦੇਸ਼ 'ਚ ਕਾਰੋਬਾਰ ਕਰਨ ਦਾ ਸੁਨੇਹਾ ਦਿੱਤਾ ਗਿਆ। ਮਲਵਈ ਗਿੱਧੇ ਤੇ ਭੰਗੜੇ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਗਿੱਧ-ਭੰਗੜੇ ਨੇ ਪੰਜਾਬ ਦੀ ਪੁਰਾਣੀ ਰੂਹ ਯਾਦ ਕਰਵਾ ਦਿੱਤੀ। ਵੱਖ-ਵੱਖ ਪ੍ਰਦਰਸ਼ਨੀਆਂ ਦੁਆਰਾ ਮਨੋਰੰਜਨ ਦੇ ਨਾਲ ਨਾਲ ਵਿਦੇਸ਼ਾਂ 'ਚ ਨਾ ਜਾਣ, ਫੋਨ ਦੀ



ਵਰਤੋਂ ਛੱਡ ਕੇ ਆਪਸੀ ਭਾਈਚਾਰਕ ਪਿਆਰ ਨਾਲ ਰਹਿਣ ਦਾ ਸੁਨੇਹਾ ਦਿੱਤਾ ਗਿਆ। ਪੰਜਾਬੀ ਨਾਟਕ 'ਆਪਣਾ-ਆਪਣਾ ਹਿੱਸਾ' ਦੁਆਰਾ ਮਾਤਾ-ਪਿਤਾ ਦਾ ਸਤਿਕਾਰ ਕਰਨ ਦੀ ਸਿੱਖਿਆ ਨੂੰ ਪੇਸ਼ ਕੀਤਾ ਗਿਆ। ਨੰਨ੍ਹੇ ਮੁੰਨੇ ਬੱਚਿਆਂ ਦੁਆਰਾ 'ਟੂ ਹੋਮਜ਼ ਵਨ ਹਰਟ' ਪੇਸ਼ਕਾਰੀ ਵਿੱਚ ਪਰਿਵਾਰਿਕ ਝਗੜਿਆਂ ਦਾ ਬੱਚਿਆਂ ਦੀ ਮਾਨਸਿਕਤਾ ਤੇ ਪੜ੍ਹਾਈ 'ਤੇ ਬੁਰਾ ਪ੍ਰਭਾਵ ਅਤੇ ਮਾਤਾ-ਪਿਤਾ ਨੂੰ ਘਰ ਦਾ ਸੁਖਾਵਾਂ ਮਾਹੌਲ ਬਣਾਈ ਰੱਖਣ ਦੀ ਪ੍ਰੇਰਨਾ ਦਿੱਤੀ ਗਈ। ਸੱਥ, ਤ੍ਰਿੰਞਣ ਦੁਆਰਾ ਪੁਰਾਤਨ ਪੰਜਾਬੀ ਸੱਭਿਆਚਾਰ ਦਾ ਰੂਪ ਦੇਖਣ ਨੂੰ ਮਿਲਿਆ। ਇਸ ਸਮਾਗਮ ਦੌਰਾਨ ਪਹਿਲੇ ਦਿਨ ਦੇ ਮੁੱਖ ਮਹਿਮਾਨ ਡਾਕਟਰ ਨਰਿੰਦਰ ਸਿੰਘ ਧਾਲੀਵਾਲ (ਪੀਸੀਐਸ) ਅਤੇ ਗੈਸਟ ਆਫ ਆਨਰ ਡਾਕਟਰ ਰਾਜੀਵ ਕੁਮਾਰ ਮਿੱਡਾ ਜੀ ਦਾ, ਚੇਅਰਮੈਨ ਡਾਕਟਰ ਮਹਿੰਦਰ ਸਿੰਘ ਜੀ ਦੁਆਰਾ ਸਨਮਾਨ ਤੇ ਧੰਨਵਾਦ ਕੀਤਾ ਗਿਆ। ਦੂਸਰੇ ਦਿਨ ਮੁੱਖ ਮਹਿਮਾਨ ਸ੍ਰੀ ਸ਼ਿਵਪਾਲ ਯਾਦਵ (ਸਟੇਟ ਅਵਾਰਡੀ) ਅਤੇ ਗੈਸਟ ਆਫ ਆਨਰ ਪ੍ਰੋ. ਜਸਬੀਰ ਸਿੰਘ ਹੁੰਦਲ ਜੀ ਨੇ ਸ਼ਿਰਕਤ ਕਰਕੇ 'ਉਡਾਨ' ਦੀ ਸ਼ਾਨ ਨੂੰ ਵਧਾਇਆ। ਇਸ ਮੌਕੇ ਵਿਦਿਅਕ, ਖੇਡਾਂ ਅਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਮਨਜੋਤ ਕੌਰ ਜੀ ਵੱਲੋਂ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿੱਚ ਸਕੂਲ ਦੀਆਂ ਸਲਾਨਾ ਪ੍ਰਾਪਤੀਆਂ ਬਾਰੇ ਦੱਸਿਆ ਗਿਆ। ਇਸ ਮੌਕੇ ਬੋਲਦਿਆਂ ਅਕਾਦਮਿਕ ਡਾਇਰੈਕਟਰ ਸ੍ਰੀਮਤੀ ਇੰਦਰਜੀਤ ਕੌਰ ਜੀ ਨੇ ਮੁੱਖ ਮਹਿਮਾਨ ਤੇ ਮਾਣਯੋਗ ਮਾਪਿਆਂ ਦਾ ਧੰਨਵਾਦ ਕੀਤਾ। ਪੀ.ਕੇ.ਐਸ. ਦੀ ਸਮੂਹ ਟੀਮ ਦੇ ਆਪਸੀ ਤਾਲਮੇਲ ਤੇ ਯਤਕਾ ਸਦਕਾ 'ਉਡਾਨ' ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦਰਸ਼ਕਾਂ ਦੇ ਮਨਾਂ 'ਤੇ ਯਾਦਗਾਰੀ ਛਾਪ ਛੱਡੀ।

# ਇਮਤਿਹਾਨ ਦੀ ਤਿਆਰੀ ਲਈ ਉਪਯੋਗੀ ਸੁਝਾਅ ਅਤੇ ਰਣਨੀਤੀਆਂ: ਤਣਾਅ-ਮੁਕਤ ਅਧਿਐਨ ਅਤੇ ਆਤਮ-ਵਿਸ਼ਵਾਸ ਵਧਾਉਣ 'ਤੇ ਕੇਂਦਰਿਤ ਸੈਸ਼ਨ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 23 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਅਬੋਹਰ ਦੇ ਆਧਾਰਸ਼ਿਲਾ ਸਕੂਲ ਵਿਖੇ 7ਵੀਂ ਅਤੇ 8ਵੀਂ ਜਮਾਤ ਦੇ ਬੱਚਿਆਂ ਲਈ "ਪ੍ਰੀਖਿਆ ਸੁਝਾਅ ਅਤੇ ਰਣਨੀਤੀਆਂ" ਵਿਸ਼ੇ 'ਤੇ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਦਾ ਉਦੇਸ਼ ਬੱਚਿਆਂ ਨੂੰ ਇਮਤਿਹਾਨਾਂ ਦੀ ਤਿਆਰੀ, ਤਣਾਅ ਘਟਾਉਣ ਅਤੇ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨਾ ਸੀ। ਇਸ ਸੈਸ਼ਨ ਵਿੱਚ ਮਿਸ ਅਮਿਤਾ ਗੋਇਲ ਨੇ ਬੱਚਿਆਂ ਨੂੰ ਸਮੇਂ ਦੀ ਸਹੀ ਵਰਤੋਂ, ਪੜ੍ਹਾਈ ਦੇ ਚੰਗੇ ਤਰੀਕਿਆਂ ਅਤੇ ਤਣਾਅ ਘਟਾਉਣ ਦੇ ਆਸਾਨ ਤਰੀਕੇ ਦੱਸੇ। ਬੱਚਿਆਂ ਨੂੰ ਪ੍ਰਸ਼ਨ ਹੱਲ ਕਰਨ, ਇਮਤਿਹਾਨ ਵਿੱਚ ਫੋਕਸ ਬਣਾਈ ਰੱਖਣ ਅਤੇ ਉਨ੍ਹਾਂ ਦੇ ਜਵਾਬਾਂ ਦੀ ਸਹੀ ਜਾਂਚ ਕਰਨ ਦੇ ਨੁਕਤੇ ਵੀ ਸਿਖਾਏ ਗਏ।



# ਮਹਾਰਾਸ਼ਟਰ ਸਿੱਖ ਸਮਾਜ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਵੱਲੋਂ ਸ਼੍ਰੀ ਦੇਵੇਂਦਰ ਫਡਣਵੀਸ ਅਤੇ ਭਾਜਪਾ ਨੇਤ੍ਰਵ ਵਾਲੀ ਮਹਾਯੁਤੀ ਨੂੰ 2024 ਦੇ ਵਿਧਾਨ ਸਭਾ ਚੋਣਾਂ ਵਿੱਚ ਇਤਿਹਾਸਿਕ ਅਤੇ ਸ਼ਾਨਦਾਰ ਜਿੱਤ ਲਈ ਦਿਲੋਂ ਵਧਾਈ: ਸ੍ਰ ਮਲਕੀਤ ਸਿੰਘ ਬੱਲ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ 23ਨਵੰਬਰ (ਦਿਨੇਸ਼ ਸੋਨੀ )** ਮਹਾਰਾਸ਼ਟਰ ਸਿੱਖ ਸਮਾਜ ਅਤੇ ਸ਼੍ਰੀ ਗੁਰੂ ਨਾਨਕ ਨਾਮ ਲੇਵਾ ਸੰਗਤ ਸ਼੍ਰੀ ਦੇਵੇਂਦਰ ਫਡਣਵੀਸ ਜੀ ਅਤੇ ਭਾਜਪਾ ਨੇਤ੍ਰਤਵ ਵਾਲੇ ਮਹਾਯੁਤੀ ਗਠਜੋੜ ਨੂੰ 2024 ਦੇ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਸ਼ਾਨਦਾਰ ਜਿੱਤ 'ਤੇ ਦਿਲੋਂ ਸ਼ੁਭਕਾਮਨਾਵਾਂ ਪੇਸ਼ ਕਰਦਾ ਹੈ ਇਹਨਾ ਸ਼ਬਦਾਂ ਦਾ ਪ੍ਰਗਟਾਵਾ ਸ੍ਰ ਮਲਕੀਤ ਸਿੰਘ ਬੱਲ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਨ੍ਹਾਂ ਕਿਹਾ ਕਿ ਇਹ ਇਤਿਹਾਸਿਕ ਮੱਤ ਪ੍ਰਚੰਡਤਾ ਸਾਡੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਤੇ ਮਾਨਯੋਗ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜੀ ਦੇ ਦੂਰਦਰਸ਼ੀ ਨੇਤ੍ਰਵ ਅਤੇ ਵਿਕਾਸ-ਕੇਂਦਰਿਤ ਸਰਕਾਰ ਤੇ ਲੋਕਾਂ ਦੇ ਅਟੁੱਟ ਭਰੋਸੇ ਨੂੰ ਦਰਸਾਉਂਦਾ ਹੈ ਸਿੱਖ ਸਮਾਜ



ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ, ਜਿਸ ਵਿੱਚ ਸਿੱਖ, ਹਿੰਦੂ, ਪੰਜਾਬੀ, ਸਿੰਧੀ, ਸਿਕਲੀਗਰ, ਲੁਭਾਣਾ ਅਤੇ ਵੰਜਾਰਾ ਸਮਾਜ ਸ਼ਾਮਲ ਹਨ, ਨੇ ਮਹਾਰਾਸ਼ਟਰ ਦੇ ਹਰ ਕੋਨੇ ਵਿੱਚ ਭਾਜਪਾ ਨੇਤ੍ਰਤਵ ਵਾਲੀ ਮਹਾਯੁਤੀ ਨੂੰ ਦਿਲੋਂ ਸਮਰਥਨ ਦਿੱਤਾ ਅਤੇ ਉਸ ਦੇ ਹੱਕ ਵਿੱਚ ਵੋਟ ਪਾ ਕੇ ਇਸ ਜਿੱਤ ਵਿੱਚ ਮੁੱਖ ਭੂਮਿਕਾ ਨਿਭਾਈ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੇ ਮਾਰਗਦਰਸ਼ਨ ਅਤੇ ਆਸ਼ੀਰਵਾਦ ਹੇਠ ਮਹਾਰਾਸ਼ਟਰ ਦੇ ਵੱਖ-ਵੱਖ ਖੇਤਰਾਂ, ਜਿਵੇਂ ਕਿ ਮੁੰਬਈ, ਨਵੀ ਮੁੰਬਈ, ਪੁਨੇ, ਨਾਸਿਕ, ਔਰੰਗਾਬਾਦ, ਨੰਦੇੜ, ਨਾਗਪੁਰ, ਕੋਲ੍ਹਾਪੁਰ ਅਤੇ ਹੋਰ ਜ਼ਿਲ੍ਹਿਆਂ ਵਿੱਚ ਵਿਸ਼ਾਲ ਕਮਿਊਨਟੀ ਆਊਟਰੀਚ ਪ੍ਰੋਗਰਾਮ ਆਯੋਜਿਤ ਕੀਤੇ ਗਏ। 18 ਨਵੰਬਰ 2024 ਨੂੰ ਮੁੰਬਈ ਵਿੱਚ ਹੋਈ ਪ੍ਰੈਸ ਕਾਨਫਰੰਸ ਦੌਰਾਨ ਸਿੱਖ ਸਮਾਜ ਨੇ ਭਾਜਪਾ ਨੇਤ੍ਰਤਵ ਵਾਲੀ ਮਹਾਯੁਤੀ ਦੇ ਹੱਕ ਵਿੱਚ ਆਪਣਾ ਪੂਰਾ ਸਮਰਥਨ ਜਨਤਕ ਤੌਰ 'ਤੇ ਦੱਸਿਆ ਇਹ ਸਮਰਥਨ ਸਰਕਾਰ ਦੀਆਂ ਪ੍ਰਗਤਿਸੀਲ ਅਤੇ ਸਮਾਵੇਸ਼ੀਕ ਨੀਤੀਆਂ ਦੀ ਮਾਨਤਾ ਦੇ ਤੌਰ 'ਤੇ ਦਿੱਤਾ ਗਿਆ ਹੈ, ਜਿਨ੍ਹਾਂ ਨੇ ਸਿੱਖ ਸਮਾਜ ਦੀ ਭਲਾਈ ਅਤੇ ਉੱਪਰਗਾਮੀ ਲਈ ਮਹੱਤਵਪੂਰਨ ਕਦਮ ਚੁੱਕੇ ਹਨ। ਇਨ੍ਹਾਂ ਸਿੱਖ ਸਮਾਜ ਦੇ ਦਿਲ ਵਿੱਚ ਸ਼੍ਰੀ ਦੇਵੇਂਦਰ ਫਡਣਵੀਸ ਅਤੇ ਭਾਜਪਾ ਨੇਤ੍ਰਤਵ ਵਾਲੀ ਮਹਾਯੁਤੀ ਦੇ ਨੇਤ੍ਰਤਵ ਪ੍ਰਤੀ ਭਰੋਸਾ ਅਤੇ ਯਕੀਨ ਮਜ਼ਬੂਤ ਕੀਤਾ ਹੈ ਅਸੀਂ ਫਿਰ ਇੱਕ ਵਾਰ ਸ਼੍ਰੀ ਦੇਵੇਂਦਰ ਫਡਣਵੀਸ ਜੀ ਅਤੇ ਭਾਜਪਾ ਨੇਤ੍ਰਤਵ ਵਾਲੀ ਮਹਾਯੁਤੀ ਦੇ ਸੀਨੀਅਰ ਨੇਤਾਵਾਂ ਨੂੰ ਇਸ ਇਤਿਹਾਸਿਕ ਸਫਲਤਾ 'ਤੇ ਵਧਾਈ ਦਿੰਦੇ ਹਾਂ। ਮਹਾਰਾਸ਼ਟਰ ਦਾ ਸਿੱਖ ਸਮਾਜ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨਵੀਂ ਸਰਕਾਰ ਵਿੱਚ ਰਾਜ ਦੀ ਤਰੱਕੀ ਅਤੇ ਵਿਕਾਸ ਲਈ ਆਪਣਾ ਸਮਰਥਨ ਅਤੇ ਸਕਾਰਾਤਮਕ ਯੋਗਦਾਨ ਦੇਣ ਲਈ ਪ੍ਰਤੀਬੱਧ ਹਨ

# ਪਾਕਿਸਤਾਨ ਨੂੰ ਬੁਰੀ ਤਰ੍ਹਾਂ ਝੰਬ ਰਿਹਾ ਹੈ ਅੱਤਵਾਦ



ਕਹਿੰਦੇ ਨੇ ਕਿ ਹੱਥਾਂ ਨਾਲ ਦਿੱਤੀਆਂ ਕਈ ਵਾਰ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ। ਇਹੋ ਜਿਹੇ ਹਾਲਾਤ ਇਸ ਵੇਲੇ ਗੁਆਂਢੀ ਮੁਲਕ ਪਾਕਿਸਤਾਨ ਦੇ ਹਨ। ਜਦੋਂ ਤੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਲੀਕ ਖਿੱਚੀ ਗਈ ਹੈ, ਉਦੋਂ ਤੋਂ ਹੀ ਦੋਵਾਂ ਦੇਸ਼ਾਂ ਦੇ ਸਬੰਧ ਸੁਖਾਲੇ ? ਨਹੀਂ ਰਹੇ। ਅੱਤਵਾਦ ਤੇ ਕਸ਼ਮੀਰ ਦੀ ਮੰਗ ਦੇ ਰੌਲ਼ੇ ਨੇ ਪਾਕਿਸਤਾਨ ਤੇ ਭਾਰਤ ਵਿਚਕਾਰ ਕਦੇ ਵੀ ਮੋਹ ਦੀਆਂ ਤੰਦਾਂ ਪੱਕੀਆਂ ਨਹੀਂ ਹੋਣ ਦਿੱਤੀਆਂ। ਸੰਨ 1947 ਦੀ ਵੰਡ ਤੋਂ ਲੈ ਕੇ ਹੁਣ ਤੱਕ ਸਰਹੱਦ 'ਤੇ ਤਣਾਅ ਵਾਲਾ ਮਾਹੌਲ ਰਿਹਾ ਹੈ। ਦੋਵਾਂ ਦੇਸ਼ਾਂ ਨੇ ਕਈ ਵਾਰ ਦੋਸਤੀ ਦਾ ਹੱਥ ਵਧਾਇਆ ਹੈ ਪਰ ਇਹ ਸਿਰੇ ਨਹੀਂ ਚੜ੍ਹ ਸਕੀ। ਭਾਰਤ ਦੇ ਨਜ਼ਰੀਏ ਨਾਲ ਗੁਆਂਢ 'ਚੋਂ ਕਦੇ ਵੀ ਠੰਢੀ ਹਵਾ ਦਾ ਬੁੱਲਾ ਨਹੀਂ ਆਇਆ। ਬਾਕੀ ਗੁਆਂਢੀ ਦੇ ਘਰ ਲੱਗੀ ਅੱਗ ਦਾ ਥੋੜ੍ਹਾ-ਬਹੁਤ ਸੇਕ ਆਪਣੇ ਘਰ ਨੂੰ ਵੀ ਲੱਗਦਾ ਹੈ। ਇਨ੍ਹਾਂ ਦਿਨਾਂ 'ਚ ਪਾਕਿਸਤਾਨ ਲਗਾਤਾਰ ਅੱਤਵਾਦੀ ਘਟਨਾਵਾਂ ਨਾਲ ਜੂਝ ਰਿਹਾ ਹੈ। ਲੰਘੇ ਕੱਲ੍ਹ ਉੱਥੋਂ ਦੇ ਖੈਬਰ ਪਖਤੂਨਖਵਾ ਸੂਬੇ 'ਚ ਵੱਡੇ ਅੱਤਵਾਦੀ ਹਮਲੇ ਦੌਰਾਨ 50 ਲੋਕਾਂ ਦੀ ਮੌਤ ਹੋ ਗਈ ਤੇ 20 ਗੰਭੀਰ ਜ਼ਖ਼ਮੀ ਹੋਏ ਹਨ। ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਪਾਕਿਸਤਾਨ ਦੇ ਕਵੇਟਾ 'ਚ ਅੱਤਵਾਦੀ ਹਮਲੇ ਦੌਰਾਨ 26 ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਮਲੇ 'ਚ ਲਗਪਗ 60 ਲੋਕ ਗੰਭੀਰ ਜ਼ਖ਼ਮੀ ਹੋਏ ਸਨ। ਅਕਤੂਬਰ ਮਹੀਨੇ ਖੈਬਰ ਪਖਤੂਨਖਵਾ ਸੂਬੇ 'ਚ ਪੁਲਿਸ ਮੁਲਾਜ਼ਮਾਂ ਦੇ ਵਾਹਨ 'ਤੇ ਹਥਿਆਰਬੰਦ ਵਿਅਕਤੀਆਂ ਨੇ ਹਮਲਾ ਕਰ ਕੇ ਇਕ ਬਜ਼ੁਰਗ ਸਣੇ ਚਾਰ ਲੋਕਾਂ ਦੀ ਜਾਨ ਲੈ ਲਈ ਸੀ। ਅਕਤੂਬਰ 'ਚ ਹੋਏ ਵੱਖ-ਵੱਖ ਅੱਤਵਾਦੀ ਹਮਲਿਆਂ 'ਚ 198 ਲੋਕਾਂ ਦੀ ਮੌਤ ਹੋ ਗਈ ਸੀ ਤੇ 111 ਕੁ ਜ਼ਖ਼ਮੀ ਹੋਏ ਸਨ। ਅੱਤਵਾਦੀ ਹਮਲਿਆਂ ਦੀ ਸੂਚੀ ਦਾ ਜ਼ਿਕਰ ਕਰਦਿਆਂ ਉਸ ਪਾਕਿਸਤਾਨੀ ਅਵਾਮ ਦਾ ਵੀ ਫ਼ਿਕਰ ਹੁੰਦਾ ਹੈ ਜਿਸ ਦਾ ਇਸ ਦੇਸ਼ ਦੀ ਰਾਜਨੀਤਕ ਬਣਤਰ ਤੇ ਹੋਰ ਧਾਰਮਿਕ ਮਾਮਲਿਆਂ ਨਾਲ ਸ਼ਾਇਦ ਸਿੱਧਾ ਸਬੰਧ ਨਹੀਂ ਹੈ। ਆਟੇ ਨਾਲ ਘੁਣ ਵੀ ਪਿਸ ਰਿਹਾ ਹੈ। ਆਰਥਿਕ ਪੱਖੋਂ ਪਾਕਿ ਕਈ ਸਾਲਾਂ ਤੋਂ ਟੁੱਟਿਆ ਹੋਇਆ ਹੈ। ਭਾਰਤ ਵੱਲੋਂ 2019 ਤੋਂ ਉਸ ਨਾਲ ਵਪਾਰ ਬੰਦ ਹੈ। ਇਸ ਪਿੱਛੇ ਤਰਕ ਹੈ ਕਿ ਉਸ ਕਾਰਨ ਵਾਪਰਨ ਵਾਲੀਆਂ ਅੱਤਵਾਦੀ ਘਟਨਾਵਾਂ ਤੇ ਲਗਾਤਾਰ ਟੁੱਟ ਰਹੇ ਭਰੋਸੇ ਨੇ ਇਹ ਵਪਾਰਕ ਸਾਂਝ ਖ਼ਤਮ ਕੀਤੀ ਹੈ। ਹਾਲਾਂਕਿ ਭਾਰਤ ਸਣੇ ਹੋਰ ਵੀ ਕਈ ਦੇਸ਼ ਇਸ ਗੱਲ ਦਾ ਇਲਜ਼ਾਮ ਲਗਾਉਂਦੇ ਰਹੇ ਹਨ ਕਿ ਪਾਕਿ ਅੱਤਵਾਦੀਆਂ ਨੂੰ ਸ਼ਹਿ ਦਿੰਦਾ ਹੈ ਪਰ ਪਾਕਿਸਤਾਨ ਕਦੇ ਇਹ ਗੱਲ ਨਹੀਂ ਮੰਨਿਆ। ਹੁਣ ਮਾੜੇ ਆਰਥਿਕ ਹਾਲਾਤ ਤੇ ਅੱਤਵਾਦੀ ਘਟਨਾਵਾਂ ਨਾਲ ਇੱਕੋ ਵੇਲੇ ਲੜਨਾ ਪਾਕਿਸਤਾਨ ਲਈ ਔਖੀ ਘੜੀ ਸਾਬਿਤ ਹੋ ਰਿਹਾ ਹੈ। ਦੂਜੇ ਪਾਸੇ ਉਸ ਦੇ ਭਾਰਤ ਦੇ ਨਾਲ-ਨਾਲ ਹੋਰ ਗੁਆਂਢੀ ਮੁਲਕਾਂ ਨਾਲ ਵੀ ਸਬੰਧ ਸੁਖਾਵੇਂ ਨਹੀਂ ਹਨ। ਅਫ਼ਗਾਨਿਸਤਾਨ ਨਾਲ ਵੀ ਉਸ ਦਾ ਤਣਾਅ ਹਮੇਸ਼ਾ ਬਰਕਰਾਰ ਰਹਿੰਦਾ ਹੈ। ਪਾਕਿ ਦੀ ਆਰਥਿਕਤਾ ਵੱਡੀਆਂ ਮੱਛੀਆਂ ਯਾਨੀ ਅਮੀਰ ਮੁਲਕਾਂ 'ਤੇ ਟਿਕੀ ਹੋਈ ਹੈ। ਇੱਥੋਂ ਦੇ ਹੁਕਮਰਾਨ ਵੀ ਦੇਸ਼ ਨੂੰ ਆਰਥਿਕ ਪੱਖੋਂ ਪੱਕੇ ਪੈਰੀਂ ਕਰਨ 'ਚ ਕੋਈ ਵੱਡੀ ਭੂਮਿਕਾ ਨਹੀਂ ਨਿਭਾ ਸਕੇ। ਪਾਕਿਸਤਾਨ 'ਚ ਫ਼ੌਜ ਵੱਲੋਂ ਤਖਤਾ ਪਲਟ ਦੀਆਂ ਘਟਨਾਵਾਂ ਇਸ ਗੱਲ ਦਾ ਸਬੂਤ ਰਹੀਆਂ ਹਨ ਕਿ ਇੱਥੇ ਲੋਕਤੰਤਰ ਦੀ ਬਹਾਲੀ ਤੇ ਸੰਵਿਧਾਨ ਦੇ ਪੂਰਨ ਤੌਰ 'ਤੇ ਲਾਗੂ ਹੋਣ 'ਚ ਕਿੰਨੀਆਂ ਮੁਸ਼ਕਲਾਂ ਹਨ। ਪਾਕਿ ਅੱਗੇ ਜਿੱਥੇ ਇਕ ਮਜ਼ਬੂਤ ਸਰਕਾਰ ਬਣਾਉਣ ਤੇ ਉਸ ਨੂੰ ਟਿਕਾਈ ਰੱਖਣਾ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ, ਉੱਥੇ ਹੀ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ ਕਿ ਆਪਣੇ ਹੀ ਵਿਛਾਏ ਬਾਰੂਦ 'ਤੇ ਬੈਠੇ ਉਸ ਦੇ ਆਪਣੇ ਹੀ ਲੋਕਾਂ ਨੂੰ ਕਿਵੇਂ ਬਚਾ ਕੇ ਰੱਖਿਆ ਜਾਵੇ।

# ਮੁਲਕ ਦੀ ਵੰਡ ਵੇਲੇ ਸਭ ਧਿਰਾਂ ਦੀ ਵਰ੍ਹਿਆਂ ਪੁਰਾਣੀ ਸਾਂਝ ਪਲਾਂ ਵਿਚ ਟੁੱਟ ਗਈ ਸੀ



ਭਾਵੇਂ ਕਸ਼ਮੀਰ ਦੇ ਇਕ ਹਿੱਸੇ ਨੂੰ ਲੈ ਕੇ ਭਾਰਤ ਪਾਕਿਸ਼ਤਾਨ ਵਿਚ ਵੰਡ ਤੋਂ ਲੈ ਕੇ ਅੱਜ ਤੱਕ ਸਬੰਧ ਸੁਖਾਵੇਂ ਨਹੀਂ ਰਹੇ ਪਰ ਸਾਹਿਤਕ ਖੇਤਰ ਦੇ ਸਾਹਿਤ ਕਰਮੀਆਂ ਦੇ ਮਨਾਂ ਵਿਚ ਅਜਿਹੀ ਕੁੜੱਤਣ ਵੇਖਣ ਨੂੰ ਨਹੀਂ ਮਿਲਦੀ। ਧਾਰਮਿਕ ਮਾਹੌਲ ਵੀ ਉਸ ਸਮੇਂ ਤੋਂ ਖੁਸ਼ਨੁਮਾ ਹੈ ਜਦੋਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਸੀ ਰਜ਼ਾਮੰਦੀ ਨਾਲ ਕਰਤਾਰਪੁਰ ਸਾਹਿਬ ਕੋਰੀਡੋਰ ਦਾ ਨਿਰਮਾਣ ਕੀਤਾ ਹੈ। ਰੋਜ਼ਾਨਾ ਸੈਂਕੜੇ ਯਾਤਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬਰਾਸਤਾ ਡੇਰਾ ਬਾਬਾ ਨਾਨਕ ਜਾਂਦੇ ਹਨ। ਇੰਜ ਹੀ ਪੰਜਾਬੀ ਦੇ ਸਾਹਿਤਕਾਰ ਕਈ ਵਾਰ ਸਾਹਿਤਕ ਮੰਡਲ ਦੇ ਨਾਲ ਪਾਕਿਸਤਾਨ ਦੀ ਯਾਤਰਾ ਕਰ ਚੁੱਕੇ ਹਨ ਅਤੇ ਕਈ ਚਿਹਰੇ ਪਾਕਿਸਤਾਨ ਦੇ ਸਾਹਿਤਕਾਰਾਂ ਵਿਚ ਕਾਫ਼ੀ ਮਕਬੂਲ ਹਨ। ਹਾਲ ਹੀ ਵਿਚ ਬਟਾਲੇ ਦੇ ਸਾਹਿਤਕਾਰ ਡਾਕਟਰ ਅਨੂਪ ਸਿੰਘ ਨੇ ਪੜ੍ਹਦਿਆਂ-ਸੁਣਦਿਆਂ ਨਾਮੀ ਵਾਰਤਕ ਪੁਸਤਕ ਵਿਚ ਪੰਜਾਬੀ ਦੇ ਨਾਮਵਰ ਕਵੀਆਂ ਦੀਆਂ ਕਾਵਿਕ ਪੰਕਤੀਆਂ ਕੋਟ ਕਰਦੇ ਹੋਏ ਕਵੀਆਂ ਦਾ ਜ਼ਿਕਰ ਕੀਤਾ ਹੈ।

ਇਸ ਵਿਚ ਭਾਰਤੀ ਪੰਜਾਬੀ ਕਵੀਆਂ ਦੇ ਨਾਲ-ਨਾਲ ਪਾਕਿਸਤਾਨੀ ਕਵੀਆਂ ਦਾ ਵੀ ਜ਼ਿਕਰ ਹੈ। ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਪਾਰੀਆਂ ਦੀ ਲਾਹੌਰ ਦੇ ਵਪਾਰੀਆਂ ਨਾਲ ਸਾਂਝ ਸੀ। ਪਰ ਦੇਸ਼ ਆਜ਼ਾਦ ਹੋਣ ਸਮੇਂ ਪਤਾ ਨਹੀਂ ਕੀ ਹੋ ਗਿਆ। ਸਭ ਦੀ ਵਰ੍ਹਿਆਂ ਦੀ ਸਾਂਝ ਪਲਾਂ ਵਿਚ ਟੁੱਟ ਗਈ ਸੀ। ਦੱਸਦੇ ਹਨ ਕਿ ਲਾਹੌਰ ਜ਼ਿਲ੍ਹਾ ਪਹਿਲਾਂ ਭਾਰਤ ਨੂੰ ਮਿਲਣ ਲੱਗਾ ਸੀ ਅਤੇ ਗੁਰਦਾਸਪੁਰ ਪਾਕਿਸਤਾਨ ਨੂੰ। ਬਟਾਲੇ ਦੇ ਬਜ਼ੁਰਗ ਦੱਸਦੇ ਹਨ ਕਿ ਮੁਸਲਮਾਨਾਂ ਨੇ ਇਹ ਪਤਾ ਲੱਗਣ 'ਤੇ ਕਿ ਜ਼ਿਲ੍ਹਾ ਗੁਰਦਾਸਪੁਰ ਪਾਕਿਸਤਾਨ ਵਿਚ ਰਹੇਗਾ, ਇੱਥੋਂ ਦੇ ਮੁਸਲਮਾਨਾਂ ਦੇ ਮਨਾਂ ਵਿਚ ਪਤਾ ਨਹੀਂ ਕੀ ਆਇਆ, ਉਨ੍ਹਾਂ 'ਚੋਂ ਸ਼ਰਾਰਤੀ ਅਨਸਰਾਂ ਨੇ ਸ਼ਹਿਰ ਦੀਆਂ ਗ਼ੈਰ ਮੁਸਲਮਾਨ ਆਬਾਦੀ ਵਾਲੀਆਂ ਥਾਵਾਂ 'ਤੇ ਤੇਲ ਦੇ ਕੜਾਹੇ ਤਾਅ ਕੇ ਰੱਖੇ ਸਨ ਤਾਂ ਜੋ ਇੱਥੋਂ ਕਿਸੇ ਹਿੰਦੂ-ਸਿੱਖ ਨੂੰ ਜਾਣ ਨਹੀਂ ਦੇਣਾ।

ਪਰ ਦੱਸਦੇ ਹਨ ਕਿ ਕਿਸੇ ਸਿਆਣੇ ਨੇ ਭਾਰਤੀ ਸਿਆਸਤਦਾਨਾਂ ਨੂੰ ਸਲਾਹ ਦਿੱਤੀ ਕਿ ਜੇਕਰ ਗੁਰਦਾਸਪੁਰ ਪਾਕਿਸਤਾਨ ਵਿਚ ਚਲਾ ਗਿਆ ਤਾਂ ਕਸ਼ਮੀਰ ਨੂੰ ਰਸਤਾ ਕਿੱਥੋਂ ਮਿਲੇਗਾ। ਇਸ ਦੇ ਮੱਦੇਨਜ਼ਰ ਗੁਰਦਾਸਪੁਰ ਜ਼ਿਲ੍ਹਾ ਭਾਰਤ ਵਿਚ ਰੱਖਣ ਦੀ ਮੰਗ ਕੀਤੀ ਗਈ। ਕਈ ਇਹ ਵੀ ਦੱਸਦੇ ਹਨ ਕਿ ਜੇਕਰ ਲਾਹੌਰ ਭਾਰਤ ਵਿਚ ਆ ਗਿਆ ਤਾਂ ਸਿੱਖਾਂ ਦੇ ਮਨਾਂ ਵਿਚ ਮਹਾਰਜਾ ਰਣਜੀਤ ਸਿੰਘ ਦੇ ਰਾਜ ਵਾਲਾ ਨਕਸ਼ਾ ਉਜਾਗਰ ਰਹੇਗਾ ਅਤੇ ਇਹ ਵੱਖਰੇ ਸਿੱਖ ਰਾਜ ਦੀ ਮੰਗ ਕਰਨਗੇ। ਜੋ ਵੀ ਹੋਇਆ, ਜ਼ਿਲ੍ਹਾ ਗੁਰਦਾਸਪੁਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਤਿੰਨ ਦਿਨ ਪਾਕਿਸਤਾਨ ਦਾ ਹਿੱਸਾ ਰਿਹਾ। ਜਦ ਮੁਸਲਮਾਨ ਪਾਕਿਸਤਾਨ ਜਾਣ ਲੱਗੇ ਅਤੇ ਹਿੰਦੂ-ਸਿੱਖ ਭਾਰਤ ਆਉਣ ਲੱਗੇ ਤਾਂ ਸ਼ਰਾਰਤੀ ਅਨਸਰਾਂ ਨੇ ਕਾਫੀ ਵੱਢ-ਟੁੱਕ ਸ਼ੁਰੂ ਕਰ ਦਿੱਤੀ। ਪਿੰਡ ਬੱਖੇਵਾਲ (ਹੁਣ ਚੰਦਰ ਨਗਰ) ਅਤੇ ਸਿੰਬਲ ਮੁਹੱਲੇ ਦੇ ਮੁਸਲਮਾਨ ਮੌਜੂਦਾ ਪੰਜਾਬ ਰੋਡਵੇਜ਼ ਵਰਕਸ਼ਾਪ ਦੀ ਉਸ ਸਮੇਂ ਖ਼ਾਲੀ ਪਈ ਜ਼ਮੀਨ 'ਤੇ ਕੈਂਪ ਬਣਾ ਕੇ ਇਕੱਠੇ ਹੋਣ ਲੱਗੇ। ਮੁਹੱਲਾ ਦਾਰੁਲ-ਇਸਲਾਮ ਹੁਣ ਪ੍ਰੇਮ ਨਗਰ(ਸ਼ਿਵ ਕੁਮਾਰ ਬਟਾਲਵੀ ਦਾ ਮੁਹੱਲਾ) ਦੇ ਮੁਸਲਮਾਨ ਵੀ ਜਾਣ ਦੀ ਤਿਆਰੀ ਵਿਚ ਸਨ।ਅਲੀਵਾਲ ਦੇ ਨੇੜੇ ਪਿੰਡ ਡੁਲਟ ਹੈ ਜਿੱਥੇ ਮੇਰਾ ਜਨਮ ਹੋਇਆ ਸੀ। ਸਾਡੇ ਪਿੰਡ ਵਿਚ ਬਹੁਤ ਥੋੜ੍ਹੇ ਘਰ ਮੁਸਲਮਾਨ ਅਰਾਈਆਂ ਦੇ ਸਨ। ਉਹ ਸਾਰੇ ਕਿਰਤ ਕਰਦੇ ਸਨ। ਮੇਰੇ ਪਿਤਾ ਜੀ ਕੋਲ ਰੈਲੇ ਮਾਅਰਕਾ ਸਾਈਕਲ ਸੀ।

ਸਾਡੇ ਗੁਆਂਢ ਪਿਤਾ ਜੀ ਦਾ ਇਕ ਮਿੱਤਰ ਰਹਿੰਦਾ ਸੀ ਜਿਸ ਦਾ ਨਾਂ ਪਿਤਾ ਜੀ ਤੀਫਾ ਦੱਸਦੇ ਸਨ । ਉਸ ਨੂੰ ਵੀ ਇਹ ਭਿਣਕ ਪੈ ਗਈ ਸੀ ਕਿ ਪਾਕਿਸਤਾਨ ਬਣਨ 'ਤੇ ਭਾਰਤ ਦੇ ਸਾਰੇ ਮੁਸਲਮਾਨਾਂ ਨੂੰ ਪਾਕਿਸਤਾਨ ਜਾਣਾ ਪੈਣਾ ਹੈ। ਉਸ ਨੇ ਪਿਤਾ ਜੀ ਨੂੰ ਕਿਹਾ ਕਿ ਉਹ ਉਸ ਨੂੰ ਆਪਣਾ ਸਾਈਕਲ ਦੇਣ ਤਾਂ ਕਿ ਉਹ ਆਪਣੇ ਬੱਚੇ ਪਾਕਿਸਤਾਨ ਆਪਣੇ ਕਿਸੇ ਰਿਸ਼ਤੇਦਾਰ ਕੋਲ ਛੱਡ ਆਵੇ। ਪਿਤਾ ਜੀ ਨੇ ਉਸ ਨੂੰ ਸਾਈਕਲ ਦੇ ਦਿੱਤਾ ਪਰ ਦੱਸਦੇ ਹਨ ਕਿ ਉਹ ਮੁੜ ਪਿੰਡ ਨਹੀਂ ਪਰਤਿਆ। ਜਦੋਂ ਜ਼ਿਲ੍ਹਾ ਗੁਰਦਾਸਪੁਰ ਬਾਰੇ ਇਹ ਐਲਾਨ ਹੋ ਗਿਆ ਕਿ ਇਹ ਜ਼ਿਲ੍ਹਾ ਭਾਰਤ ਵਿਚ ਹੀ ਰਹੇਗਾ ਤਾਂ ਸਾਡੇ ਪਿੰਡ ਦੇ ਮੁਸਲਮਾਨ ਅਰਾਈ ਪਾਕਿਸਤਾਨ ਜਾਣ ਲਈ ਤਿਆਰ ਹੋ ਗਏ। ਮਿੱਥੇ ਦਿਨ ਜਿਸ ਦਿਨ ਬਲੋਚ ਮਿਲਟਰੀ ਦਾ ਟਰੱਕ ਉਪਲਬਧ ਹੋਇਆ ਤਾਂ ਪਿੰਡ ਦੇ ਪੰਜ-ਛੇ ਨੌਜਵਾਨ ਮੁਸਲਮਾਨ ਭਰਾਵਾਂ ਨੂੰ ਅਲੀਵਾਲ (ਡੁਲਟ ਪਿੰਡ ਤੋਂ ਕਾਂ ਉਡਾਰੀ ਚਾਰ-ਪੰਜ ਮੀਲ) ਛੱਡਣ ਲਈ ਆਏ। ਜਦ ਬਲੋਚ ਮਿਲਟਰੀ ਦੇ ਟਰੱਕ 'ਤੇ ਉਹ ਚੜ੍ਹਨ ਲੱਗੇ ਤਾਂ ਉਹ ਛੱਡਣ ਆਏ ਪਿੰਡ ਵਾਲਿਆਂ ਦੇ ਗਲ ਲੱਗ ਕੇ ਰੋਏ ਜਿਵੇਂ ਕਿ ਉਨ੍ਹਾਂ ਦਾ ਵਿਛੜਨ ਨੂੰ ਜੀਅ ਨਾ ਕਰਦਾ ਹੋਵੇ। ਸਾਰੇ ਮੁਸਲਮਾਨ ਇਕ ਟਰੱਕ ਵਿਚ ਸਵਾਰ ਹੋ ਗਏ ਤਾਂ ਟਰੱਕ ਨਾਸਰਕੇ ਪਿੰਡ ਵੱਲ ਨੂੰ ਚਲਾ ਗਿਆ। ਰਸਤੇ ਵਿਚ ਉਨ੍ਹਾਂ ਨੂੰ ਇਕ ਹੋਰ ਬਲੋਚ ਮਿਲਟਰੀ ਦਾ ਟਰੱਕ ਮਿਲਿਆ ਤਾਂ ਪਹਿਲੇ ਟਰੱਕ ਵਿਚਲੇ ਮੁਸਲਮਾਨਾਂ ਨੇ ਪਤਾ ਨਹੀਂ ਉਸ ਵਿਚ ਸਵਾਰ ਮਿਲਟਰੀ ਨੂੰ ਕੀ ਕਿਹਾ, ਮਿਲਟਰੀ ਵਾਲੇ ਉਸ ਥਾਂ 'ਤੇ ਆ ਗਏ ਜਿੱਥੇ ਪਿੰਡ ਵਾਲੇ ਖੜ੍ਹੇ ਸਨ। ਟਰੱਕ 'ਚੋਂ ਦੋ ਬਲੋਚ ਮਿਲਟਰੀ ਅਫ਼ਸਰ ਉਤਰੇ ਅਤੇ ਉਨ੍ਹਾਂ ਨੂੰ ਪੁੱਛਣ ਲੱਗੇ ਕਿ ਤੁਹਾਡੇ 'ਚੋਂ ਚੰਨਣ ਸਿੰਘ ਕੌਣ ਹੈ। ਉਨ੍ਹਾਂ ਨੇ ਕਿਹਾ ਕਿ ਚੰਨਣ ਸਿੰਘ ਤਾਂ ਉਦੋਂ ਹੀ ਚਲਾ ਗਿਆ ਸੀ ਜਦੋਂ ਅਰਾਈਂ ਭਰਾ ਟਰੱਕ ਵਿਚ ਬੈਠ ਕੇ ਚਲੇ ਗਏ ਸਨ ਪਰ ਮਿਲਟਰੀ ਵਾਲੇ ਕਹੀ ਜਾਣ, "ਨਹੀਂ, ਤੁਸੀਂ ਝੂਠ ਬੋਲਦੇ ਹੋ।" ਲੋਕ ਕਹਿਣ ਲੱਗੇ, ਨਹੀਂ ਸਾਹਿਬ ਜੀ, ਅਸੀਂ ਸੱਚ ਕਹਿ ਰਹੇ ਹਾਂ।

ਯਕੀਨ ਨਹੀਂ ਤਾਂ ਉਨ੍ਹਾਂ ਨੂੰ ਬੁਲਾ ਕੇ ਪੁੱਛ ਲਵੋ ਜਿਹੜੇ ਹੁਣੇ ਇੱਥੋਂ ਗਏ ਹਨ। ਮਿਲਟਰੀ ਵਾਲੇ ਵਾਰ-ਵਾਰ ਪੁੱਛ ਰਹੇ ਸਨ ਕਿ ਤੁਹਾਡੇ ਵਿਚ ਹੀ ਚੰਨਣ ਸਿੰਘ ਹੈ, ਨਹੀਂ ਦੱਸੋਗੇ ਤਾਂ ਸਾਰਿਆਂ ਨੂੰ ਗੋਲ਼ੀਆਂ ਨਾਲ ਭੁੰਨ ਦੇਵਾਂਗੇ। ਏਨੇ ਨੂੰ ਓਥੇ ਨਹਿਰੀ ਵਿਭਾਗ ਦਾ ਸੰਤ ਰਾਮ ਨਾਂ ਦਾ ਪੰਚਾਲ ਨਵੀਸ (ਤਾਰ ਰਾਹੀਂ ਉੱਚ ਅਧਿਕਾਰੀਆਂ ਨੂੰ ਸੂਚਨਾ ਦੇਣ ਵਾਲਾ) ਆ ਗਿਆ ਅਤੇ ਕਹਿਣ ਲੱਗਾ ਕਿ ਨਹੀਂ ਸਰ, ਮੈਂ ਪਿੰਡ ਵਾਲਿਆਂ ਨੂੰ ਜਾਣਦਾ ਹਾਂ। ਇਨ੍ਹਾਂ ਵਿਚ ਚੰਨਣ ਸਿੰਘ ਕੋਈ ਨਹੀਂ। ਬਲੋਚ ਮਿਲਟਰੀ ਵਾਲੇ ਫਿਰ ਵੀ ਨਾ ਮੰਨਣ। ਸੰਤ ਰਾਮ ਨੇ ਮੁੜ ਕਿਹਾ ਕਿ ਜੇ ਉਹ ਅੜੀ ਕਰਨਗੇ ਤਾਂ ਉਹ ਤਾਰ ਰਾਹੀਂ ਗੋਰਖਾ ਮਿਲਟਰੀ ਨੂੰ ਸੂਚਿਤ ਕਰ ਦਵੇਗਾ। ਗੋਰਖਾ ਮਿਲਟਰੀ ਦਾ ਨਾਂ ਸੁਣ ਕੇ ਬਲੋਚ ਮਿਲਟਰੀ ਵਾਲੇ ਡਰ ਗਏ ਪਰ ਜਾਂਦੇ-ਜਾਂਦੇ ਉਹ ਪਿੰਡ ਦੇ ਲੰਬੜਾਂ ਦੇ ਮੁੰਡੇ ਦੇ ਨੱਕ 'ਤੇ ਬੱਟ ਮਾਰ ਗਏ ਅਤੇ ਉੱਥੋਂ ਨਾਸਰਕੇ ਨੂੰ ਚਲੇ ਗਏ। ਦੱਸਦੇ ਹਨ ਕਿ ਉਨ੍ਹਾਂ ਨੇ ਆਪਣਾ ਗੁੱਸਾ ਪਿੰਡ ਨਾਸਰਕੇ ਦੇ ਵਾਸੀਆਂ 'ਤੇ ਕੱਢਿਆ ਜਿੱਥੇ ਉਨ੍ਹਾਂ ਨੇ ਚਾਰ-ਪੰਜ ਵਿਅਕਤੀ ਨਾਜਾਇਜ਼ ਹੀ ਮਾਰ ਦਿੱਤੇ।

ਚੰਨਣ ਸਿੰਘ (ਪਿੰਡ ਡੁਲਟ ਵਾਸੀ ਮੁੰਡਾ ਸੀ, ਅਮਲੀ ਸੀ ਅਤੇ ਉਸ ਨੂੰ ਚੋਰੀ-ਚਕਾਰੀ ਦਾ ਚਸਕਾ ਸੀ। ਅਰਾਈਂ ਮੁਸਲਮਾਨ ਉਸ ਤੋਂ ਬੜੇ ਤੰਗ ਸਨ) ਨੇ ਪਿੰਡ ਜਾ ਕੇ ਰੌਲਾ ਪਾ ਦਿੱਤਾ ਕਿ ਅਰਾਈਆਂ ਨੂੰ ਅਲੀਵਾਲ ਛੱਡਣ ਗਏ ਪਿੰਡ ਵਾਸੀਆਂ ਨੂੰ ਬਲੋਚ ਮਿਲਟਰੀ ਨੇ ਘੇਰ ਲਿਆ ਹੈ ਅਤੇ ਹੋ ਸਕਦਾ ਹੈ ਕਿ ਮਾਰ ਵੀ ਦਿੱਤਾ ਹੋਵੇ। ਸੰਤ ਰਾਮ ਨੇ ਦਿਲਾਸਾ ਦੇ ਕੇ ਅਲੀਵਾਲ ਤੋਂ ਉਨ੍ਹਾਂ ਨੌਜਵਾਨਾ ਨੂੰ ਪਿੰਡ ਵੱਲ ਤੋਰਿਆ। ਜਦੋਂ ਉਹ ਨੌਜਵਾਨ ਪਿੰਡ ਦਬੁਰਜੀ ਪੁੱਜੇ ਤਾਂ ਦਬੁਰਜੀ ਵਾਲਿਆਂ ਨੇ ਉਨ੍ਹਾਂ ਨੂੰ ਗਰਮਾ-ਗਰਮ ਦੁੱਧ ਪਿਆਇਆ। ਜਿਨ੍ਹਾਂ ਮਾਪਿਆਂ ਦੇ ਬੱਚੇ ਅਲੀਵਾਲ ਅਰਾਈਂ ਮੁਸਲਮਾਨਾਂ ਨੂੰ ਤੋਰਨ ਗਏ ਸਨ, ਉਹ ਪਿੰਡ ਦੇ ਬਾਹਰਵਾਰ ਉਨ੍ਹਾਂ ਦੀ ਉਡੀਕ ਕਰ ਰਹੇ ਸਨ। ਆਪਣੇ ਬੱਚਿਆਂ ਨੂੰ ਸਹੀ-ਸਲਾਮਤ ਵੇਖ ਕੇ ਮਾਪਿਆਂ ਦੀ ਜਾਨ ਵਿਚ ਜਾਨ ਆਈ। ਅਲੀਵਾਲ ਤੋਂ ਪਿੰਡ ਵਾਪਸ ਪਰਤੇ ਨੌਜਵਾਨਾਂ ਵਿਚ ਮੇਰੇ ਪਿਤਾ ਜੀ ਵੀ ਸਨ।

# ਨਸ਼ਿਆਂ ਦੀ ਮਾਰ ਰੁਕਦੀ ਕਿਉਂ ਨਹੀਂ?




ਪੰਜ ਜਨਵਰੀ 2007 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਨਸ਼ਿਆਂ ਵਿਰੁੱਧ ਹੋਏ ਸੈਮੀਨਾਰ ਦੀ ਪ੍ਰਧਾਨਗੀ ਉਸ ਵੇਲੇ ਦੇ ਰਾਜਪਾਲ ਜਨਰਲ ਐੱਸਐੱਫ ਰੋਡਰਿਗਜ਼ ਨੇ ਕੀਤੀ ਸੀ। ਉਸ ਵੇਲੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਦੇ ਮੁਖੀ ਅਤੇ ਸੀਨੀਅਰ ਪੁਲੀਸ ਅਧਿਕਾਰੀ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਸੀ- ਅਸੀਂ ਪੁਲੀਸ ਵਾਲੇ ਇਮਾਨਦਾਰੀ ਅਤੇ ਸਿਦਕ ਦਿਲੀ ਨਾਲ ਚਾਹੀਏ ਤਾਂ ਨਸ਼ਿਆਂ ਦੀ ਨਾ-ਮੁਰਾਦ ਬਿਮਾਰੀ ਤੋਂ ਹਫਤੇ ਵਿੱਚ ਛੁਟਕਾਰਾ ਪਾਇਆ ਜਾ ਸਕਦਾ ਹੈ ਪਰ ਨਾਲ ਹੀ ਉਨ੍ਹਾਂ ਬੜੀ ਨਿਰਾਸ਼ ਸੁਰ ਵਿੱਚ ਕਿਹਾ-ਸਾਥੋਂ ਇਹ ਆਸ ਨਾ ਰੱਖਿਓ ਉਨ੍ਹਾਂ ਦੇ ਇਨ੍ਹਾਂ ਬੋਲਾਂ ਨਾਲ ਹਾਲ ਵਿੱਚ ਸੰਨਾਟਾ ਛਾ ਗਿਆ ਸੀ। ਉਨ੍ਹਾਂ ਦੇ ਬੇਵਸੀ ਵਾਲੇ ਇਨ੍ਹਾਂ ਬੋਲਾਂ ਵਿੱਚ ਇਸ਼ਾਰਾ ਸੀ ਕਿ ਸਿਆਸੀ ਆਗੂ ਆਪਣੇ ਰਾਜਸੀ ਅਤੇ ਨਿੱਜੀ ਹਿੱਤਾਂ ਕਾਰਨ ਇਸ ਗੰਭੀਰ ਸਮੱਸਿਆ ਨੂੰ ਹੱਲ ਕਰਨ ਵਿੱਚ ਰੁਕਾਵਟ ਹਨ। ਨਸ਼ਾ ਤਸਕਰਾਂ 'ਤੇ ਸਿਆਸੀ ਬੰਦਿਆਂ ਦਾ ਮਿਹਰ ਭਰਿਆ ਹੱਥ ਹੈ।

ਇਹ ਗੱਲ ਉਸ ਸਮੇਂ ਵੀ ਸਪੱਸ਼ਟ ਹੋ ਗਈ ਸੀ ਜਦੋਂ 2008 ਵਿੱਚ ਉਸ ਸਮੇਂ ਸੱਤਾਧਾਰੀ ਪਾਰਟੀ ਨੇ ਪੁਲੀਸ ਜ਼ਿਲ੍ਹਾ ਮੁਖੀਆਂ ਨੂੰ ਪੱਤਰ ਜਾਰੀ ਕੀਤਾ ਸੀ। ਇਸ ਪੱਤਰ ਵਿੱਚ ਉਨ੍ਹਾਂ ਤਸਕਰਾਂ ਦੀ ਸੂਚੀ ਤਿਆਰ ਕਰਨ ਲਈ ਕਿਹਾ ਗਿਆ ਸੀ ਜਿਨ੍ਹਾਂ ਦਾ ਕੁਝ ਲੋਕ ਆਧਾਰ ਹੈ। ਦੂਜੇ ਸ਼ਬਦਾਂ ਵਿੱਚ, ਵੋਟ ਬੈਂਕ ਪੱਕਾ ਕਰਨ ਲਈ ਅਜਿਹੇ ਤਸਕਰਾਂ ਤੋਂ ਮਦਦ ਲੈਣ ਦੀ ਵਿਉਂਤਬੰਦੀ ਕੀਤੀ ਗਈ ਸੀ। ਰੌਲਾ ਪੈਣ ਕਾਰਨ ਉਹ ਪੱਤਰ ਬਾਅਦ ਵਿੱਚ ਵਾਪਸ ਲੈ ਲਿਆ ਸੀ।

ਅੰਦਾਜ਼ਨ ਤਿੰਨ ਦਹਾਕਿਆਂ 'ਤੇ ਨਜ਼ਰ ਮਾਰਦੇ ਹਾਂ ਤਾਂ ਪੰਜਾਬ ਵਿੱਚ ਨਸ਼ਿਆਂ ਦੀ ਮਹਾਮਾਰੀ ਫੈਲਣ ਦੇ ਵੱਡੇ ਕਾਰਨਾਂ ਵਿੱਚ ਸਿਆਸਤਦਾਨ, ਪੁਲੀਸ ਅਤੇ ਤਸਕਰਾਂ ਦਾ ਆਪਸੀ ਗੱਠਜੋੜ ਮੁੱਖ ਰਿਹਾ ਹੈ। ਪਿਛਲੇ ਕੁਝ ਸਮੇਂ ਵਿੱਚ ਹੀ ਨਸ਼ਿਆਂ ਦੀ ਖਪਤ ਵਿੱਚ 213% ਦਾ ਵਾਧਾ ਹੋਣਾ ਪੰਜਾਬ ਦੇ ਮੱਥੇ 'ਤੇ ਧੱਬਾ ਹੀ ਤਾਂ ਹੈ। ਦੁਖਾਂਤਕ ਪਹਿਲੂ ਇਹ ਵੀ ਹੈ ਕਿ ਸਿਆਸੀ ਲੋਕ ਨਸ਼ਿਆਂ ਦੇ ਮੁੱਦੇ 'ਤੇ ਖਿੱਦੋ ਖੂੰਡੀ ਖੇਡ ਰਹੇ ਹਨ। ਸੱਤਾ 'ਤੇ ਕਾਬਜ਼ ਲੋਕ ਦੂਜੀਆਂ ਸਿਆਸੀ ਪਾਰਟੀਆਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ ਅਤੇ ਦੂਜੀਆਂ ਪਾਰਟੀਆਂ ਰਾਜ ਭਾਗ ਵਾਲੀ ਪਾਰਟੀ ਨੂੰ ਨਸ਼ੇ ਦੇ ਵਾਧੇ ਲਈ ਕਸੂਰਵਾਰ ਠਹਿਰਾਉਂਦੀਆਂ ਹਨ। ਇਨ੍ਹਾਂ ਦੋਸ਼ਾਂ ਦੀ ਖੇਡ ਵਿੱਚ ਆਮ ਲੋਕ ਬੁਰੀ ਤਰ੍ਹਾਂ ਪਿਸ ਰਹੇ ਹਨ। ਇਸ ਵੇਲੇ 41% ਫੀਸਦੀ ਲੋਕ ਚਿੱਟੇ ਦਾ ਸੇਵਨ ਕਰਦੇ ਹਨ ਜਿਨ੍ਹਾਂ ਦਾ ਪ੍ਰਤੀ ਦਿਨ ਔਸਤ ਖਰਚਾ 1300 ਰੁਪਏ ਹੈ। 12 ਕਰੋੜ ਦੀ ਰੋਜ਼ਾਨਾ ਸ਼ਰਾਬ, 13.20 ਕਰੋੜ ਦਾ ਚਿੱਟਾ ਅਤੇ ਅੰਦਾਜ਼ਨ 68 ਕਰੋੜ ਪ੍ਰਤੀ ਦਿਨ ਪਰਵਾਸ ਦੇ ਲੇਖੇ ਲੱਗਣ ਕਾਰਨ ਪੰਜਾਬੀਆਂ ਦਾ ਕਚੂਮਰ ਨਿਕਲਿਆ ਪਿਆ ਹੈ। ਜੇ ਪੰਜਾਬ ਦੇ ਵਿਹੜੇ ਸੁੱਖ ਹੁੰਦੀ ਤਾਂ ਨਾ ਤਾਂ ਹਵਾਈ ਅੱਡਿਆਂ 'ਤੇ ਜਵਾਨੀ ਦੀ ਭੀੜ ਹੋਣੀ ਸੀ ਅਤੇ ਨਾ ਹੀ ਸਿਵਿਆਂ ਵਿੱਚੋਂ ਕੁਰਲਾਉਣ ਦੀਆਂ ਆਵਾਜ਼ਾਂ ਆਉਣੀਆਂ ਸਨ। ਇਸ ਸਭ ਕੁਝ ਦੇ ਬਾਵਜੂਦ ਆਗੂਆਂ ਦੀਆਂ ਜਾਇਦਾਦਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਇਸ ਵੇਲੇ ਪੰਜਾਬ ਬਹੁਪੱਖੀ ਅਤੇ ਬਹੁਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਰੋਜ਼ਾਨਾ ਔਸਤਨ ਦੋ ਕਤਲ (ਖੁਦਕਸ਼ੀਆਂ ਵੱਖਰੀਆਂ), 2 ਹਮਲੇ, 11 ਚੋਰੀ ਵਾਰਦਾਤਾਂ ਤੇ ਹੋਰ ਅਪਰਾਧ, ਹਰ ਦੋ ਦਿਨ ਬਾਅਦ ਇੱਕ ਵਿਅਕਤੀ ਦਾ ਅਗਵਾ ਹੋਣਾ, ਫਿਰੌਤੀਆਂ ਤੇ ਕਤਲਾਂ ਦਾ ਰੁਝਾਨ, ਦੋ ਦਿਨਾਂ ਵਿੱਚ ਪੰਜ ਔਰਤਾਂ ਨਾਲ ਜਬਰ-ਜਨਾਹ, ਦੋ ਦਿਨਾਂ ਵਿੱਚ ਸੱਤ ਵਿਅਕਤੀਆਂ ਦਾ ਝਪਟਮਾਰੀ ਦਾ ਸ਼ਿਕਾਰ ਹੋਣਾ, ਅੰਦਾਜ਼ਨ 19 ਮਾਪਿਆਂ ਵੱਲੋਂ ਆਪਣੇ ਪੁੱਤਰਾਂ ਨੂੰ ਬੇਦਖਲ ਕਰਨਾ, 16 ਦੁਰਘਟਨਾਵਾਂ ਅਤੇ ਹਰ ਰੋਜ਼ 15-16 ਤਲਾਕ ਦੇ ਕੇਸ ਦਰਜ ਹੋਣ ਦੇ ਨਾਲ-ਨਾਲ ਨਸ਼ਿਆਂ ਦੀ ਮਹਾਮਾਰੀ ਕਾਰਨ ਮਾਪੇ ਨਰਕ ਭਰਿਆ ਜੀਵਨ ਬਤੀਤ ਕਰ ਰਹੇ ਹਨ। ਅਜਿਹੀ ਦੋਜ਼ਖ਼ ਭਰੀ ਸਥਿਤੀ ਬਣਾਉਣ ਵਿੱਚ ਜਦੋਂ ਰਾਜਸੀ ਆਗੂਆਂ ਦਾ ਯੋਗਦਾਨ ਸਾਹਮਣੇ ਆਉਂਦਾ ਹੈ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਅਜਿਹੀਆਂ 2-3 ਘਟਨਾਵਾਂ ਦੇ ਵਰਨਣ ਨਾਲ ਇਹ ਤਸਵੀਰ ਸਾਹਮਣੇ ਆ ਜਾਵੇਗੀ।

2017 ਤੋਂ 2022 ਤੱਕ ਕਾਂਗਰਸੀ ਵਿਧਾਇਕ ਰਹੀ ਅਤੇ ਹੁਣ ਭਾਜਪਾ ਆਗੂ ਨੂੰ ਨਸ਼ਾ ਸਪਲਾਈ ਕਰਦੀ ਨੂੰ ਪੁਲੀਸ ਨੇ ਮੌਕੇ 'ਤੇ ਫੜਿਆ। ਕਾਰ ਦੀ ਤਲਾਸ਼ੀ ਦੌਰਾਨ ਉਸ ਕੋਲੋਂ 100 ਗ੍ਰਾਮ ਹੈਰੋਇਨ ਮਿਲੀ। ਘਰ ਦੀ ਤਲਾਸ਼ੀ ਦੌਰਾਨ 28 ਗ੍ਰਾਮ ਹੈਰੋਇਨ ਅਤੇ 1.56 ਲੱਖ ਡਰੱਗ ਮਨੀ ਵੀ ਬਰਾਮਦ ਹੋਈ। ਘਰੇ ਚਾਰ ਲਗਜ਼ਰੀ ਕਾਰਾਂ ਖੜ੍ਹੀਆਂ ਸਨ। ਵੱਖ-ਵੱਖ ਕਾਰਾਂ ਦੀਆਂ ਨੰਬਰ ਪਲੇਟਾਂ ਵੀ ਬਰਾਮਦ ਹੋਈਆਂ ਜੋ ਨਸ਼ੇ ਦੀ ਤਸ਼ਕਰੀ ਵੇਲੇ ਵਰਤੀਆਂ ਜਾਂਦੀਆਂ ਸਨ। ਪੁੱਛ ਪੜਤਾਲ ਦੌਰਾਨ ਉਸ ਨੇ ਹਰਿਆਣਾ ਅਤੇ ਦਿੱਲੀ ਤੱਕ ਨਸ਼ੇ ਦੀ ਸਪਲਾਈ ਕਰਨ ਦਾ ਪ੍ਰਗਟਾਵਾ ਕੀਤਾ। ਉਸ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਉਹ ਨਸ਼ੇ ਦੀ ਬਰਾਮਦਗੀ ਫਿਰੋਜ਼ਪੁਰ ਦੇ ਦੋ ਤਸਕਰਾਂ ਤੋਂ ਕਰਦੀ ਸੀ। ਉਸ ਦੀ ਨਿਸ਼ਾਨਦੇਹੀ 'ਤੇ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। 2022 ਵਿੱਚ ਨਾਜਾਇਜ਼ ਜਾਇਦਾਦ ਬਣਾਉਣ ਦੇ ਕੇਸ ਵਿੱਚ ਉਸ ਦੇ ਪਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ। ਉਸ ਸਮੇਂ ਸਾਹਮਣੇ ਆਇਆ ਸੀ ਕਿ ਸਾਰੇ ਸਾਧਨਾਂ ਤੋਂ ਉਸ ਦੀ ਆਮਦਨ 1.65 ਕਰੋੜ ਬਣਦੀ ਸੀ ਪਰ ਜਾਇਦਾਦ 4.49 ਕਰੋੜ ਦੀ ਬਣਾਈ ਗਈ।

ਅੰਮ੍ਰਿਤਸਰ ਜ਼ਿਲ੍ਹੇ ਦੇ ਬਾਬਾ ਬਕਾਲਾ ਨਾਲ ਸਬੰਧਿਤ ਰਾਜਸੀ ਆਗੂ ਤੋਂ 105 ਕਿਲੋ ਹੈਰੋਇਨ ਬਰਾਮਦ ਹੋਈ। ਰਾਜਸੀ ਛੱਤਰੀ ਹੇਠ ਉਹ ਚਿੱਟੇ ਦਾ ਕਾਲਾ ਧੰਦਾ ਕਰ ਕੇ ਜਵਾਨੀ ਦਾ ਘਾਣ ਕਰ ਰਿਹਾ ਸੀ। ਕੁਝ ਸਮਾਂ ਪਹਿਲਾਂ ਤਰਨ ਤਾਰਨ ਪੁਲੀਸ ਨੇ ਨਾਜਾਇਜ਼ ਖਣਨ ਅਤੇ ਰੇਤ ਮਾਫੀਏ ਵਿਰੁੱਧ ਮੁਹਿੰਮ ਉਸ ਸਮੇਂ ਦੇ ਐੱਸਐੱਸਪੀ ਦੀ ਅਗਵਾਈ ਵਿੱਚ ਵਿੱਢੀ ਸੀ। ਪੁਲੀਸ ਨੇ ਅੱਧੀ ਰਾਤ ਨੂੰ ਛਾਪਾ ਮਾਰ ਕੇ ਮੁਲਜ਼ਮਾਂ ਨੂੰ 10 ਟਿੱਪਰਾਂ ਅਤੇ ਹੋਰ ਸਮਾਨ ਸਮੇਤ ਮੌਕੇ 'ਤੇ ਫੜ ਲਿਆ। ਸਮਾਨ ਜ਼ਬਤ ਕਰ ਕੇ ਉਨ੍ਹਾਂ ਨੂੰ ਪੁੱਛ-ਗਿੱਛ ਲਈ ਸੀਆਈਏ ਥਾਣੇ ਲਿਆਂਦਾ। ਇਨ੍ਹਾਂ ਵਿੱਚ ਸੱਤਾ ਨਾਲ ਸਬੰਧਿਤ ਵਿਧਾਇਕ ਦਾ ਨਜ਼ਦੀਕੀ ਰਿਸ਼ਤੇਦਾਰ ਵੀ ਸੀ। ਵਿਧਾਇਕ ਅੱਧੀ ਰਾਤੀਂ ਫੇਸਬੁੱਕ 'ਤੇ ਲਾਈਵ ਹੋ ਕੇ ਐੱਸਐੱਸਪੀ ਵੰਗਾਰਨ ਲੱਗਿਆ ਅਤੇ ਰਾਜਸੀ ਤਾਕਤ ਦੇ ਜ਼ੋਰ ਰਿਸ਼ਤੇਦਾਰ ਨੂੰ ਰਾਤ ਨੂੰ ਹੀ ਛੁਡਵਾ ਲਿਆ। ਇੱਥੇ ਹੀ ਬਸ ਨਹੀਂ ਹੋਈ, ਛਾਪਾ ਮਾਰਨ ਵਾਲੇ ਕਰਮਚਾਰੀਆਂ ਨੂੰ ਉੱਪਰੋਂ ਆਏ ਹੁਕਮਾਂ ਅਨੁਸਾਰ ਸਸਪੈਂਡ ਕਰ ਦਿੱਤਾ ਗਿਆ। ਐੱਸਐੱਸਪੀ ਦੀ ਬਦਲੀ ਕਰਵਾ ਦਿੱਤੀ। ਇਸ ਰਾਜਸੀ ਦਖ਼ਲ ਨਾਲ ਪੁਲੀਸ ਕਰਮਚਾਰੀਆਂ ਦਾ ਮਨੋਬਲ ਡਿਗਿਆ, ਨਾਲ ਹੀ ਨਾਜਾਇਜ਼ ਧੰਦਾ ਕਰਨ ਵਾਲਿਆਂ ਨੂੰ ਸ਼ਹਿ ਮਿਲੀ। ਅੰਕੜੇ ਦੱਸਦੇ ਹਨ ਕਿ ਇਸ ਕਾਂਡ ਤੋਂ ਬਾਅਦ ਤਸਕਰਾਂ ਅਤੇ ਨਾਜਾਇਜ਼ ਖਣਨ ਵਾਲਿਆਂ ਦੇ ਹੌਸਲੇ ਬੁਲੰਦ ਹੋਏ ਅਤੇ ਅਪਰਾਧ ਦੇ ਗਰਾਫ ਵਿੱਚ ਵਾਧਾ ਹੋਇਆ। ਉਂਝ, ਤਰਨ ਤਾਰਨ ਦੀ ਸਮੁੱਚੀ ਪੁਲੀਸ ਟੀਮ ਨੇ ਐੱਸਐੱਸਪੀ ਨੂੰ ਖੁੱਲ੍ਹੀ ਜੀਪ ਵਿੱਚ ਫੁੱਲਾਂ ਦੀ ਵਰਖਾ ਕਰ ਕੇ ਵਿਦਾਅ ਕੀਤਾ ਗਿਆ।

ਰਾਜਸੀ ਲੋਕਾਂ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਉਹ ਸਮਾਜ ਤੋਂ ਵੱਖ ਨਹੀਂ ਸਗੋਂ ਸਮਾਜ ਦਾ ਹਿੱਸਾ ਹਨ। ਉਨ੍ਹਾਂ ਨੂੰ ਸਮਾਂ ਆਉਣ 'ਤੇ ਆਪਣੀ ਕਾਰਗੁਜ਼ਾਰੀ ਲਈ ਲੋਕਾਂ ਦੀ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ। ਉਹ ਇਹ ਸ਼ਬਦ ਯਾਦ ਰੱਖਣ: ਯੇਹ ਦਬਦਬਾ, ਯੇਹ ਹਕੂਮਤ, ਯੇਹ ਨਸ਼ਾ-ਏ-ਦੌਲਤ, ਕਿਰਾਏਦਾਰ ਹੈਂ, ਘਰ ਬਦਲਤੇ ਰਹਿਤੇ ਹੈਂ।